ਬੁੱਧਵਾਰ, 31 ਮਈ, 2023
17 ਜੇਠ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 360

ਨਵਾਂ ਜ਼ਮਾਨਾ

DAILY NAWAN ZAMANA • WEDNESDAY, 31 MAY, 2023
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਭਲਵਾਨਾਂ ਨੂੰ ਤਮਗੇ ਗੰਗਾ 'ਚ ਨਾ ਵਹਾਉਣ ਲਈ ਮਨਾਇਆ

ਕਿਸਾਨ ਆਗੂ ਨਰੇਸ਼ ਟਿਕੈਤ ਨੇ ਮਾਮਲਾ ਕਿਸੇ ਸਿਰੇ ਲਾਉਣ ਲਈ ਪੰਜ ਦਿਨ ਦਾ ਸਮਾਂ ਲਿਆ

ਨਵੀਂ ਦਿੱਲੀ : ਭਾਰਤੀ ਕੁਸ਼ਤੀ ਫੈੱਡਰੇਸ਼ਨ ਦੇ ਪ੍ਰਧਾਨ ਤੇ ਭਾਜਪਾ ਸਾਂਸਦ ਬ੍ਰਿਜ਼ ਭੂਸ਼ਣ ਸ਼ਰਣ ਸਿੰਘ ਦੇ ਖਿਲਾਫ ਕੇਂਦਰ ਸਰਕਾਰ ਵੱਲੋਂ ਠੋਸ ਕਾਰਵਾਈ ਨਾ ਕੀਤੇ ਜਾਣ ਤੋਂ ਨਿਰਾਸ਼ ਹੋ ਕੇ ਆਪਣੇ ਤਮਗੇ ਗੰਗਾ ਨਦੀ 'ਚ ਵਹਾਉਣ ਲਈ ਮੰਗਲਵਾਰ ਹਰਿਦੁਆਰ ਪੁੱਜੇ ਕੌਮਾਂਤਰੀ ਭਲਵਾਨਾਂ ਨੂੰ ਕਿਸਾਨ ਆਗੂ ਨਰੇਸ਼ ਟਿਕੈਤ ਨੇ ਐਨ ਮੌਕੇ 'ਤੇ ਏਨਾ ਸਖਤ ਕਦਮ ਨਾ ਚੁੱਕਣ ਲਈ ਮਨਾ ਲਿਆ। ਟਿਕੈਤ ਨੇ ਤਮਗਿਆਂ ਦੀ ਪੋਟਲੀ ਭਲਵਾਨਾਂ ਤੋਂ ਲੈ ਕੇ ਕਿਹਾ ਕਿ ਉਹ ਉਨ੍ਹਾ ਨੂੰ ਮਾਮਲਾ ਕਿਸੇ ਤਣ-ਪੱਤਣ ਲਾਉਣ ਲਈ ਪੰਜ ਦਿਨ ਦਾ ਸਮਾਂ ਦੇਣ। ਇਸ ਤੋਂ ਬਾਅਦ ਭਲਵਾਨ ਗੰਗਾ ਦੇ ਘਾਟ ਤੋਂ ਪਰਤ ਗਏ।

ਇਸ ਤੋਂ ਪਹਿਲਾਂ ਨਾਮੀ ਭਲਵਾਨ ਬਜਰੰਗ ਪੂਨੀਆ, ਸਾਕਸ਼ੀ ਮਲਿਕ ਅਤੇ ਵਿਨੇਸ਼ ਫੋਗਾਟ ਨੇ ਸਵੇਰੇ ਕਿਹਾ ਸੀ ਕਿ ਉਹ ਸ਼ਾਮ 6 ਵਜੇ ਹਰਿਦੁਆਰ 'ਚ ਗੰਗਾ 'ਚ ਆਪਣੇ ਸਾਰੇ ਕੌਮਾਂਤਰੀ ਤੇ ਉਲੰਪਿਕ ਤਮਗਿਆਂ ਨੂੰ ਸੁੱਟ ਦੇਣਗੇ। ਬਜਰੰਗ ਪੂਨੀਆ ਨੇ ਟਵੀਟ 'ਚ ਕਿਹਾ ਕਿ ਤਮਗੇ ਉਨ੍ਹਾਂ ਦੀ ਜਾਨ ਤੇ ਆਤਮਾ ਹਨ ਤੇ ਇਨ੍ਹਾਂ ਤੋਂ ਬਗੈਰ ਜ਼ਿੰਦਗੀ ਕੁਝ ਵੀ ਨਹੀਂ। ਇਸ ਲਈ ਤਮਗੇ ਗੰਗਾ 'ਚ ਸੁੱਟਣ ਬਾਅਦ ਉਹ ਇੰਡੀਆ ਗੇਟ 'ਤੇ ਮਰਨ ਵਰਤ 'ਤੇ ਬੈਠਣਗੇ। ਦੇਸ਼ ਦੇ ਸ਼ਹੀਦਾਂ ਦੀ ਯਾਦਗਾਰ 'ਤੇ ਆਪਣੇ ਪ੍ਰਾਣ ਤਿਆਗ ਦੇਣਗੇ। ਉਸ ਨੇ ਕਿਹਾ ਅਪਵਿੱਤਰ ਤੰਤਰ ਆਪਣਾ ਕੰਮ ਕਰ ਰਿਹਾ ਹੈ ਤੇ ਉਹ ਆਪਣਾ। ਹੁਣ ਦੇਸ਼ ਦੀ ਜਨਤਾ ਨੇ ਫੈਸਲਾ ਕਰਨਾ ਹੈ ਕਿ ਉਸ ਨੇ ਧੀਆਂ ਨਾਲ ਖੜ੍ਹਨਾ ਹੈ ਜਾਂ ਸਫੈਦਪੋਸ਼ ਤੰਤਰ ਨਾਲ।

ਸਾਕਸ਼ੀ ਮਲਿਕ ਨੇ ਸੋਸ਼ਲ ਮੀਡੀਆ ਪੋਸਟ 'ਚ ਲਿਖਿਆ—28 ਮਈ ਨੂੰ ਜੋ ਹੋਇਆ, ਤੁਸੀਂ ਸਭ ਨੇ ਦੇਖਿਆ। ਪੁਲਸ ਨੇ ਸਾਡੇ ਨਾਲ ਕੀ ਸਲੂਕ ਕੀਤਾ। ਸਾਨੂੰ ਕਿੰਨੀ ਬਰਬਰੀਅਤ ਨਾਲ ਗ੍ਰਿਫਤਾਰ ਕੀਤਾ। ਅਸੀਂ ਪੁਰਅਮਨ ਅੰਦੋਲਨ ਕਰ ਰਹੇ ਸੀ। ਸਾਡੇ ਅੰਦੋਲਨ ਦੀ ਥਾਂ ਨੂੰ ਵੀ ਪੁਲਸ ਨੇ ਤਹਿਸ-ਨਹਿਸ ਕਰਕੇ ਸਾਥੋਂ ਖੋਹ ਲਿਆ ਤੇ ਅਗਲੇ ਦਿਨ ਗੰਭੀਰ ਮਾਮਲਿਆਂ 'ਚ ਸਾਡੇ ਖਿਲਾਫ ਐੱਫ ਆਈ ਆਰ ਦਰਜ ਕਰ ਦਿੱਤੀ ਗਈ। ਕੀ ਮਹਿਲਾ ਭਲਵਾਨਾਂ ਨੇ ਯੌਨ ਸ਼ੋਸ਼ਣ ਲਈ ਇਨਸਾਫ ਮੰਗ ਕੇ ਕੋਈ ਅਪਰਾਧ ਕਰ ਦਿੱਤਾ ਹੈ। ਪੁਲਸ ਤੇ ਤੰਤਰ ਸਾਡੇ ਨਾਲ ਅਪਰਾਧੀਆਂ ਵਰਗਾ ਸਲੂਕ ਕਰ ਰਹੇ ਹਨ, ਜਦਕਿ ਸ਼ੋਸ਼ਣ ਕਰਨ ਵਾਲਾ ਖੁੱਲ੍ਹੀਆਂ ਸਭਾਵਾਂ ਵਿਚ ਸਾਡੇ 'ਤੇ ਫਬਤੀਆਂ ਕੱਸ ਰਿਹਾ ਹੈ। ਟੀ ਵੀ 'ਤੇ ਮਹਿਲਾ ਭਲਵਾਨਾਂ ਨੂੰ ਅਸਹਿਜ ਕਰ ਦੇਣ ਵਾਲੀਆਂ ਆਪਣੀਆਂ ਘਟਨਾਵਾਂ ਨੂੰ ਕਬੂਲ ਕਰਕੇ ਉਨ੍ਹਾਂ ਨੂੰ ਠਹਾਕਿਆਂ ਵਿਚ ਤਬਦੀਲ ਕਰ ਰਿਹਾ ਹੈ। ਇੱਥੋਂ ਤਕ ਕਿ ਪੋਸਕੋ ਐਕਟ ਨੂੰ ਬਦਲਵਾਉਣ ਦੀ ਗੱਲ ਸਰੇਆਮ ਕਰ ਰਿਹਾ ਹੈ। ਅਸੀਂ ਮਹਿਲਾ ਭਲਵਾਨ ਅੰਦਰੋਂ ਅਜਿਹਾ ਮਹਿਸੂਸ ਕਰ ਰਹੀਆਂ ਹਨ ਕਿ ਇਸ ਦੇਸ਼ ਵਿਚ ਸਾਡਾ ਕੁਝ ਬਚਿਆ ਨਹੀਂ। ਸਾਨੂੰ ਉਹ ਪਲ ਯਾਦ ਆ ਰਹੇ ਹਨ, ਜਦ ਅਸੀਂ ਉਲੰਪਿਕ, ਵਰਲਡ ਚੈਂਪੀਅਨਸ਼ਿਪ ਵਿਚ ਮੈਡਲ ਜਿੱਤੇ ਸਨ। ਹੁਣ ਲੱਗ ਰਿਹਾ ਹੈ ਕਿ ਕਿਉਂ ਜਿੱਤੇ ਸਨ। ਕੀ ਇਸ ਲਈ ਜਿੱਤੇ ਸਨ ਕਿ ਤੰਤਰ ਸਾਡੇ ਨਾਲ ● ਬਾਕੀ ਸਫ਼ਾ 2 'ਤੇ

ਮਨੀਪੁਰ ਦੇ ਖਿਡਾਰੀ ਵੀ ਤਮਗੇ ਵਾਪਸ ਕਰਨਗੇ

ਮੀਰਾ ਬਾਈ ਚਾਨੂੰ

ਇੰਫਾਲ : ਮਨੀਪੁਰ ਵਿਚ ਤਿੰਨ ਮਈ ਤੋਂ ਜਾਰੀ ਹਿੰਸਾ ਵਿਚ 80 ਲੋਕਾਂ ਦੀ ਮੌਤ ਤੋਂ ਦੁਖੀ ਉਲੰਪਿਕ ਮੈਡਲ ਜੇਤੂ ਵੇਟ ਲਿਫਟਰ ਮੀਰਾ ਬਾਈ ਚਾਨੂੰ ਸਣੇ ਮਨੀਪੁਰ ਦੀਆਂ 11 ਖੇਡ ਹਸਤੀਆਂ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਜੇ ਸੂਬੇ ਵਿਚ ਛੇਤੀ ਅਮਨ ਬਹਾਲ ਨਾ ਹੋਇਆ ਤਾਂ ਉਹ ਆਪਣੇ ਐਵਾਰਡ ਤੇ ਤਮਗੇ ਵਾਪਸ ਕਰ ਦੇਣਗੀਆਂ। ਪੱਤਰ 'ਤੇ ਦਸਤਖਤ ਕਰਨ ਵਾਲਿਆਂ ਵਿਚ ਚਾਨੂੰ ਤੋਂ ਇਲਾਵਾ ਪਦਮ ਪੁਰਸਕਾਰ ਜੇਤੂ ਵੇਟ ਲਿਫਟਰ ਕੁੰਜਰਾਣੀ ਦੇਵੀ, ਭਾਰਤੀ ਮਹਿਲਾ ਫੁੱਟਬਾਲ ਟੀਮ ਦੀ ਸਾਬਕਾ ਕਪਤਾਨ ਬੇਮ ਬੇਮ ਦੇਵੀ ਤੇ ਮੁੱਕੇਬਾਜ਼ ਸਰਿਤਾ ਦੇਵੀ ਸ਼ਾਮਲ ਹਨ।

ਬ੍ਰਿਜ ਭੂਸ਼ਣ ਦੇ ਦੇਸ਼ ਭਰ 'ਚ ਪੁਤਲੇ ਫੂਕਣ ਦੀ ਤਿਆਰੀ

ਨਵੀਂ ਦਿੱਲੀ : ਸੰਯੁਕਤ ਕਿਸਾਨ ਮੋਰਚੇ ਦੀ ਤਾਲਮੇਲ ਕਮੇਟੀ ਦੀ ਮੀਟਿੰਗ ਸੋਮਵਾਰ ਰਾਤ ਆਨਲਾਈਨ ਹੋਈ। ਮੀਟਿੰਗ 'ਚ ਭਲਵਾਨ ਐਕਸ਼ਨ ਕਮੇਟੀ ਦੇ ਨੁਮਾਇੰਦੇ ਬਜਰੰਗ ਪੂਨੀਆ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਬਜਰੰਗ ਨੇ ਕਿਹਾ ਕਿ ਭਲਵਾਨਾਂ ਦੀ ਵਰਕਿੰਗ ਕਮੇਟੀ ਉਨ੍ਹਾਂ ਦੇ ਸੰਘਰਸ਼ ਦੀ ਹਮਾਇਤ 'ਚ ਮੋਰਚੇ ਦੇ ਫੈਸਲਿਆਂ ਦਾ ਪੂਰਾ ਸਮਰਥਨ ਕਰੇਗੀ ਅਤੇ ਮਹਿਲਾ ਭਲਵਾਨਾਂ ਦੇ ਜਿਨਸੀ ਸ਼ੋਸ਼ਣ ਦੇ ਮੁਲਜ਼ਮ ਬ੍ਰਿਜ ਭੂਸ਼ਣ ਸ਼ਰਣ ਸਿੰਘ ਦੀ ਗ੍ਰਿਫਤਾਰੀ ਦੀ ਮੰਗ ਪੂਰੀ ਹੋਣ ਤੱਕ ਸੁਤੰਤਰ ਰੂਪ 'ਚ ਸੰਘਰਸ਼ ਜਾਰੀ ਰੱਖਣ ਲਈ ਹਰ ਸੰਭਵ ਯਤਨ ਕਰੇਗੀ। ਮੀਟਿੰਗ 'ਚ ਭਰੋਸਾ ਦਿੱਤਾ ਗਿਆ ਕਿ ਮੋਰਚਾ ਭਲਵਾਨਾਂ ਦੀ ਜਿੱਤ ਤੱਕ ਸੰਘਰਸ਼ 'ਚ ਸਰਗਰਮੀ ਨਾਲ ਹਿੱਸਾ ਲਵੇਗਾ। ਮੀਟਿੰਗ 'ਚ ਵਿਚਾਰ-ਵਟਾਂਦਰਾ ਕਰਨ ਉਪਰੰਤ ਅਗਲੇਰੀ ਕਾਰਵਾਈ ਦਾ ਫੈਸਲਾ ਕੀਤਾ ਗਿਆ। ਮੋਰਚੇ ਵੱਲੋਂ ਬਿਆਨ 'ਚ ਕਿਹਾ ਗਿਆ ਕਿ ਜੂਨ 'ਚ ਭਾਰਤ ਭਰ ਦੇ ● ਬਾਕੀ ਸਫ਼ਾ 2 'ਤੇ

ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਭਲਵਾਨਾਂ ਦੇ ਹੱਕ 'ਚ ਅਵਾਜ਼ ਉਠਾਉਣ ਦੀ ਅਪੀਲ

ਜਲੰਧਰ : ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪ੍ਰੈਸ ਬਿਆਨ 'ਚ ਕਿਹਾ ਹੈ ਕਿ ਅਜ਼ਾਦੀ ਸੰਗਰਾਮ ਦੇ ਮਹਾਨ ਸੰਗਰਾਮੀਆਂ, ਗ਼ਦਰੀ, ਕੂਕੇ, ਬੱਬਰ, ਕਿਰਤੀ, ਨੌਜਵਾਨ ਭਾਰਤ ਸਭਾ, ਅਜ਼ਾਦ ਹਿੰਦ ਫੌਜ ਅਤੇ ਛਾਉਣੀਆਂ 'ਚ ਬਗ਼ਾਵਤਾਂ ਕਰਨ ਵਾਲੇ ਫੌਜੀਆਂ ਨੇ ਅਥਾਹ ਕੁਰਬਾਨੀਆਂ ਕਰਕੇ ਜੋ ਅਜ਼ਾਦ, ਜਮਹੂਰੀ, ਸਿਹਤਮੰਦ ਕਦਰਾਂ ਕੀਮਤਾਂ ਭਰੇ ਸੱਭਿਆਚਾਰਕ ਮਾਹੌਲ ਦੀ ਸਿਰਜਣਾ ਕਰਨ ਦਾ ਸੁਪਨਾ ● ਬਾਕੀ ਸਫ਼ਾ 2 'ਤੇ

ਕੈਂਡਲ ਮਾਰਚ ਅੱਜ

ਜਲੰਧਰ : ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਸਾਹਿਤਕ ਸੱਭਿਆਚਾਰਕ ਸੰਸਥਾ ਫੁਲਕਾਰੀ, ਜਮਹੂਰੀ ਅਧਿਕਾਰ ਸਭਾ ਜਲੰਧਰ, ਤਰਕਸ਼ੀਲ ਸੁਸਾਇਟੀ ਪੰਜਾਬ ਜਲੰਧਰ, ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ), ਪੀਪਲਜ਼ ਵਾਈਸ, ਇਸਤਰੀ ਜਾਗ੍ਰਿਤੀ ਮੰਚ, ਪ੍ਰਗਤੀਸ਼ੀਲ ਲੇਖਕ ਸੰਘ (ਪੰਜਾਬ) ਅਤੇ ਮਾਨਵਵਾਦੀ ਰਚਨਾ ਮੰਚ ਵੱਲੋਂ 31 ਮਈ ਸ਼ਾਮ 6 ਵਜੇ ਦੇਸ਼ ● ਬਾਕੀ ਸਫ਼ਾ 2 'ਤੇ

ਰੀ-ਚੈਕਿੰਗ ਤੇ ਰੀ-ਵੈਲੂਏਸ਼ਨ ਲਈ ਸ਼ਡਿਊਲ ਜਾਰੀ

ਮੁਹਾਲੀ (ਗੁਰਜੀਤ ਬਿੱਲਾ)-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਦੇ ਮਾਰਚ 2023 ਦੇ ਐਲਾਨੇ ਨਤੀਜਿਆਂ ਲਈ ਰੀ-ਚੈਕਿੰਗ ਅਤੇ ਰੀ-ਵੈਲੂਏਸ਼ਨ ਕਰਵਾਉਣ ਲਈ ਸ਼ਡਿਊਲ ਜਾਰੀ ਕਰ ਦਿੱਤਾ ਗਿਆ ਹੈ। ਨਤੀਜਿਆਂ ਤੋਂ ਅਸੰਤੁਸ਼ਟ ਜਿਹੜੇ ਪ੍ਰੀਖਿਆਰਥੀ ਰੀ-ਚੈਕਿੰਗ ਜਾਂ ਰੀ-ਵੈਲਿਊਏਸ਼ਨ ਕਰਵਾਉਣਾ ਚਾਹੁੰਦੇ ਹਨ, ਉਹ ਇਸ ਮੰਤਵ ਲਈ 31 ਮਈ ਤੋਂ 14 ਜੂਨ ਤੱਕ ਆਨਲਾਈਨ ਫ਼ਾਰਮ ਅਤੇ ਫ਼ੀਸ ਜਮ੍ਹਾਂ ਕਰਵਾ ਸਕਦੇ ਹਨ। ਪ੍ਰੀਖਿਆਰਥੀ ਰੀ-ਚੈਕਿੰਗ ਜਾਂ ਰੀ-ਵੈਲੂਏਸ਼ਨ ਫ਼ਾਰਮ/ਫ਼ੀਸ ਭਰਨ ਉਪਰੰਤ ਇਸ ਦਾ ਪ੍ਰਿੰਟ ਆਪਣੇ ਕੋਲ ਰੱਖਣ ਅਤੇ ਹਾਰਡ ਕਾਪੀ ਦਫ਼ਤਰ ਵਿਖੇ ਜਮ੍ਹਾਂ ਕਰਵਾਉਣਾ ਲਾਜ਼ਮੀ ਨਹੀਂ। ਇਸ ਸੰਬੰਧੀ ਮੁਕੰਮਲ ਜਾਣਕਾਰੀ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈੱਬਸਾਈਟ 'ਤੇ ਉਪਲੱਬਧ ਕਰਵਾ ਦਿੱਤੀ ਗਈ ਹੈ।

ਫਰਜ਼ੀਵਾੜਾ

ਨਵੀਂ ਦਿੱਲੀ : ਕਾਂਗਰਸ ਦੇ ਸੀਨੀਅਰ ਨੇਤਾ ਚਿਦੰਬਰਮ ਨੇ ਮੰਗਲਵਾਰ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਪੈਟਰੋਲ ਤੇ ਡੀਜ਼ਲ 'ਤੇ ਜ਼ਿਆਦਾ ਟੈਕਸ ਲਗਾ ਕੇ ਮੁਨਾਫਾ ਕਮਾ ਰਹੀ ਹੈ। ਉਨ੍ਹਾ ਇਹ ਵੀ ਕਿਹਾ ਕਿ ਇਹ ਆਮ ਲੋਕਾਂ ਦੀ ਕੀਮਤ 'ਤੇ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਫਰਜ਼ੀ ਢੰਗ ਨਾਲ ਉੱਚੀਆਂ ਰੱਖੀਆਂ ਗਈਆਂ ਹਨ, ਜੋ ਮਹਿੰਗਾਈ ਵਧਣ ਦਾ ਇਕ ਕਾਰਨ ਹੈ। ਚਿਦੰਬਰਮ ਨੇ ਕਿਹਾ—2014 ਤੋਂ 2021 ਦਰਮਿਆਨ ਕੱਚੇ ਤੇਲ ਦੀਆਂ ਕੀਮਤਾਂ 60 ਅਮਰੀਕੀ ਡਾਲਰ ਤੋਂ ਹੇਠਾਂ ਸਨ, ਫਿਰ ਵੀ ਸਰਕਾਰ ਨੇ ਕੱਚੇ ਤੇਲ ਦੀਆਂ ਕੀਮਤਾਂ 'ਚ ਕਟੌਤੀ ਦਾ ਫਾਇਦਾ ਪੈਟਰੋਲ ਅਤੇ ਡੀਜ਼ਲ ਦੀ ਵਰਤੋਂ ਕਰਨ ਵਾਲੇ ਲੋਕਾਂ ਤੱਕ ਨਹੀਂ ਪਹੁੰਚਾਇਆ। ਉਨ੍ਹਾ ਕਿਹਾ ਕਿ 2022 'ਚ ਜਦੋਂ ਰੂਸ ਨੇ ਯੂਕਰੇਨ 'ਤੇ ਹਮਲਾ ਕੀਤਾ ਸੀ, ਕੱਚੇ ਤੇਲ ਦੀ ਕੀਮਤ 'ਚ ਤੇਜ਼ੀ ਨਾਲ ਵਾਧਾ ਹੋਇਆ ਸੀ, ਪਰ ਹੁਣ ਇਹ 75 ਅਮਰੀਕੀ ਡਾਲਰ 'ਤੇ ਆ ਗਿਆ ਹੈ।

ਹੇਮਕੁੰਟ ਗਏ ਨੌਜਵਾਨ ਦੀ ਸਾਹ ਦੀ ਦਿੱਕਤ ਨਾਲ ਮੌਤ

ਜ਼ੀਰਕਪੁਰ : ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ 'ਤੇ ਗਏ ਪਿੰਡ ਦਿਆਲਪੁਰਾ ਦੇ 24 ਸਾਲਾ ਨੌਜਵਾਨ ਅਮਨਪ੍ਰੀਤ ਸਿੰਘ ਉਰਫ਼ ਹੈਰੀ ਦੀ ਮੌਤ ਹੋ ਗਈ। ਉਹ ਤਿੰਨ ਦਿਨ ਪਹਿਲਾਂ ਮੱਥਾ ਟੇਕਣ ਗਿਆ ਸੀ, ਜਿਥੇ ਉੱਚਾਈ ਕਾਰਨ ਉਸ ਨੂੰ ਸਾਹ ਲੈਣ ਦੀ ਦਿੱਕਤ ਆ ਰਹੀ ਸੀ। ਨੌਜਵਾਨ ਦੀ ਮੌਤ ਨਾਲ ਪੂਰੇ ਪਿੰਡ ਵਿਚ ਸੋਗ ਛਾ ਗਿਆ।

ਅਮਰੀਕਾ 'ਚ ਭਾਰਤੀ ਨੌਜਵਾਨ ਦੀ ਹੱਤਿਆ

ਨਿਊ ਯਾਰਕ : ਅਮਰੀਕਾ ਦੇ ਫਿਲਾਡੇਲਫੀਆ 'ਚ ਅਣਪਛਾਤੇ ਹਮਲਾਵਰਾਂ ਨੇ ਕੇਰਲਾ ਦੇ ਕੋਲਮ ਜ਼ਿਲ੍ਹੇ ਦੇ ਰਹਿਣ ਵਾਲੇ ਜੂਡ ਚਾਕੋ ਨੂੰ ਐਤਵਾਰ (ਸਥਾਨਕ ਸਮੇਂ ਅਨੁਸਾਰ) ਕੰਮ ਤੋਂ ਵਾਪਸ ਆਉਂਦੇ ਸਮੇਂ ਗੋਲੀ ਮਾਰ ਦਿੱਤੀ। ਉਸ ਦੇ ਮਾਤਾ-ਪਿਤਾ 30 ਸਾਲ ਪਹਿਲਾਂ ਅਮਰੀਕਾ ਗਏ ਸਨ। ਚਾਕੋ ਵਿਦਿਆਰਥੀ ਸੀ ਤੇ ਪਾਰਟ-ਟਾਈਮ ਵੀ ਕੰਮ ਕਰਦਾ ਸੀ। ਉਸ ਨੂੰ ਲੁੱਟਣ ਦੀ ਕੋਸ਼ਿਸ਼ ਦੌਰਾਨ ਦੋ ਵਿਅਕਤੀਆਂ ਨੇ ਹਮਲਾ ਕੀਤਾ ਸੀ। ਇਸ ਸਾਲ ਅਪਰੈਲ 'ਚ ਆਂਧਰਾ ਦੇ 24 ਸਾਲਾ ਵਿਦਿਆਰਥੀ ਸਈਸ ਵੀਰਾ ਨੂੰ ਓਹੀਓ 'ਚ ਪੈਟਰੋਲ ਪੰਪ 'ਤੇ ਅਣਪਛਾਤੇ ਵਿਅਕਤੀਆਂ ਨੇ ਗੋਲੀ ਮਾਰ ਦਿੱਤੀ ਸੀ।

ਸਾਨ੍ਹ ਨੇ ਬਾਈਕ ਨੂੰ ਟੱਕਰ ਮਾਰੀ, ਫੌਜੀ ਦੀ ਮੌਤ

ਅਮਰੋਹਾ : ਯੂ ਪੀ ਦੇ ਅਮਰੋਹਾ ਜ਼ਿਲ੍ਹੇ ਦੇ ਪਿੰਡ ਬਾਵਨਖੇੜੀ ਨੇੜੇ ਹਸਨਪੁਰ-ਅਤਰਸੀ ਰੋਡ 'ਤੇ ਸਾਨ੍ਹ ਨੇ ਦੋਪਹੀਆ ਵਾਹਨ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਫੌਜੀ ਦੀ ਮੌਤ ਹੋ ਗਈ, ਜਦੋਂ ਕਿ ਉਸ ਦੀ ਪਤਨੀ ਅਤੇ ਦੋ ਬੱਚੇ ਗੰਭੀਰ ਜ਼ਖਮੀ ਹੋ ਗਏ। ਸਿਪਾਹੀ ਅੰਕਿਤ ਕੁਮਾਰ (28) ਪੰਜਾਬ ਦੇ ਫਿਰੋਜ਼ਪੁਰ 'ਚ 507 ਏ ਐੱਸ ਸੀ ਬਟਾਲੀਅਨ 'ਚ ਤਾਇਨਾਤ ਸੀ। ਉਹ ਮੰਗਲਵਾਰ ਨੂੰ ਹੋਣ ਵਾਲੇ ਦੋਸਤ ਦੇ ਵਿਆਹ 'ਚ ਸ਼ਾਮਲ ਹੋਣ ਲਈ ਐਤਵਾਰ ਛੁੱਟੀ 'ਤੇ ਅਮਰੋਹਾ ਆਇਆ ਸੀ। ਸਾਨ੍ਹ ਦੇ ਸਿੰਗ ਅੰਕਿਤ ਦੇ ਢਿੱਡ 'ਚ ਵੱਜਣ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਉਸ ਦੀ ਪਤਨੀ ਸੋਨਮ (25) ਅਤੇ ਉਨ੍ਹਾਂ ਦੇ ਦੋ ਬੱਚਿਆਂ ਨੂੰ ਵੀ ਸੱਟਾਂ ਲੱਗੀਆਂ।

ਸਦਾ ਲੋਕਾਂ ਦਾ ਭਲਾ ਸੋਚਿਆ : ਮੋਦੀ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੇਂਦਰ ਵਿਚ ਆਪਣੀ ਸਰਕਾਰ ਦੇ 9 ਸਾਲ ਪੂਰੇ ਹੋਣ 'ਤੇ ਕਿਹਾ ਕਿ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਦੀ ਉਨ੍ਹਾ ਦੀ ਇੱਛਾ ਹਰ ਫੈਸਲੇ ਦਾ ਕਾਰਨ ਰਹੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਟਵੀਟ ਕੀਤਾ—ਅੱਜ ਅਸੀਂ ਦੇਸ਼ ਦੀ ਸੇਵਾ 'ਚ ਨੌਂ ਸਾਲ ਪੂਰੇ ਕਰ ਰਹੇ ਹਾਂ। ਮੈਂ ਸ਼ੁਕਰਗੁਜ਼ਾਰ ਹਾਂ ਅਤੇ ਅਹਿਸਾਨਮੰਦ ਹਾਂ। ਇਸ ਸਮੇਂ ਦੌਰਾਨ ਕੀਤੇ ਹਰ ਫੈਸਲੇ ਪਿੱਛੇ, ਚੁੱਕੇ ਹਰ ਕਦਮ ਪਿੱਛੇ ਲੋਕਾਂ ਦੇ ਜੀਵਨ ਨੂੰ ਸੁਧਾਰਨ ਦੀ ਇੱਛਾ ਰਹੀ ਹੈ। ਅਸੀਂ ਵਿਕਸਤ ਭਾਰਤ ਦੇ ਨਿਰਮਾਣ ਲਈ ਹੋਰ ਵੀ ਸਖਤ ਮਿਹਨਤ ਕਰਦੇ ਰਹਾਂਗੇ।

ਹਾਈ ਕੋਰਟ ਵੱਲੋਂ ਸਿਸੋਦੀਆ ਨੂੰ ਜ਼ਮਾਨਤ ਦੇਣ ਤੋਂ ਨਾਂਹ

ਨਵੀਂ ਦਿੱਲੀ : ਦਿੱਲੀ ਹਾਈ ਕੋਰਟ ਨੇ ਆਮ ਆਦਮੀ ਪਾਰਟੀ ਦੇ ਆਗੂ ਮਨੀਸ਼ ਸਿਸੋਦੀਆ ਨੂੰ ਦਿੱਲੀ ਆਬਕਾਰੀ ਨੀਤੀ ਨਾਲ ਸੰਬੰਧਤ ਅਜਿਹੇ ਮਾਮਲੇ 'ਚ ਮੰਗਲਵਾਰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ, ਜਿਸ ਦੀ ਸੀ ਬੀ ਆਈ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਹਾਈ ਕੋਰਟ ਨੇ ਕਿਹਾ ਕਿ ਸਿਸੋਦੀਆ 'ਤੇ ਲੱਗੇ ਦੋਸ਼ ਬਹੁਤ ਗੰਭੀਰ ਹਨ ਅਤੇ ਜ਼ਮਾਨਤ ਦੇਣ 'ਤੇ ਗਵਾਹਾਂ ਨੂੰ ਪ੍ਰਭਾਵਤ ਕਰਨ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਯੇਚੁਰੀ ਵੱਲੋਂ ਕੇਜਰੀਵਾਲ ਨੂੰ ਹਮਾਇਤ ਦਾ ਭਰੋਸਾ

31-MAY-PAGE-1.qxd 5/30/2023 10:08 PM Page 2

ਪੌੜ ਜਠੇਰਿਆਂ ਦਾ ਮੇਲਾ ਕਰਵਾਇਆ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਬਹਿਲੋਲਪੁਰ ਪੁਲ ਸਰਹਿੰਦ ਨਹਿਰ ਕਿਨਾਰੇ ਵਸੇ ਪਿੰਡ ਕੀੜੀ ਅਫ਼ਗਾਨਾ ਵਿਖੇ ਪੌੜ ਗੋਤ ਦੇ ਜਠੇਰਿਆਂ ਦਾ ਸਾਲਾਨਾ ਮੇਲਾ ਤੇ ਭੰਡਾਰਾ ਚੇਅਰਮੈਨ ਬਿਸ਼ਨ ਦਾਸ ਮਜਾਰੀ ਦੀ ਅਗਵਾਈ ਹੇਠ ਕਰਵਾਇਆ ਗਿਆ, ਜਿਸ ਵਿੱਚ ਦੁਨੀਆ ਦੇ ਕੋਨੇ-ਕੋਨੇ ਤੋਂ ਗੋਤ ਨਾਲ ਸਬੰਧਤ ਹਜ਼ਾਰਾਂ ਸੰਗਤਾਂ ਨੇ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੀ ਜੀਵਨ ਮਹਿਮਾ ਸੁਣ ਕੇ ਆਨੰਦ ਮਾਣਿਆ। ਮੇਲੇ ਵਿੱਚ ਖਚਾਖੱਚ ਭਰੇ ਪੰਡਾਲ 'ਚ ਗਾਇਕ ਜੋੜੀ ਕਾਲਾ ਬੋੜਿਆਂ ਵਾਲਾ ਤੇ ਜਸਪਾਲ ਭੱਟੀ, ਬਿੱਲਾ ਮੱਤੇਵਾੜੀਆ, ਲਾਡੀ ਮਾਂਗਟ ਤੇ ਰਾਜਵਿੰਦਰ ਕੌਰ, ਦੀਦਾਰ ਪੰਛੀ ਨੇ ਗੀਤਾਂ ਰਾਹੀਂ ਹਾਜ਼ਰੀ ਲਗਵਾਈ। ਮੇਲੇ ਵਿੱਚ ਉਚੇਚੇ ਤੌਰ 'ਤੇ ਪੁੱਜੇ ਸੂਫ਼ੀ ਗਾਇਕ ਅਵਤਾਰ ਮੁਸਾਫ਼ਿਰ ਨੇ ਗੀਤ ਪੇਸ਼ ਕਰਕੇ ਸੰਗਤਾਂ ਨੂੰ ਨਿਹਾਲ ਕਰ ਦਿੱਤਾ। ਮੇਲੇ 'ਚ ਪੁੱਜੇ ਕਲਾਕਾਰਾਂ ਨੂੰ ਚੇਅਰਮੈਨ ਬਿਸ਼ਨ ਦਾਸ ਮਜਾਰੀ ਪ੍ਰਧਾਨ, ਧਿਆਨ ਸਿੰਘ ਮੋਜੇਵਾਲ ਮਜਾਰਾ, ਮੇਜਰ ਲਾਲ, ਸੰਦੇਸ਼ ਰਾਜ, ਧਰਮਪਾਲ ਚੱਕੀ, ਸ਼ਿੰਗਾਰਾ ਰਾਮ ਲੁਧਿਆਣਾ, ਸਰਪੰਚ ਤੇਲੂ ਰਾਮ ਛਦੋੜੀ, ਨਿਰਮਲ ਸਿੰਘ ਸੇਵਾਦਾਰ, ਸੁਖਵੀਰ ਸਿੰਘ ਭੋਲਾ, ਡਾਇਰੈਕਟਰ ਗੁਰਮੁਖ ਦੀਪ, ਕਰਾਂਤੀ ਮਜਾਰੀ, ਸਵਰਨ ਸਿੰਘ ਮਾਛੀਵਾੜਾ ਨੇ ਸਨਮਾਨਤ ਕੀਤਾ। ਆਈਆਂ ਸੰਗਤਾਂ ਲਈ ਅਤੁੱਟ ਲੰਗਰ ਵਰਤਾਏ ਗਏ। ਮੇਲੇ ਦੇ ਅਖੀਰ 'ਚ ਡਾਇਰੈਕਟਰ ਗੁਰਮੁੱਖ ਦੀਪ ਨੇ ਆਈਆਂ ਸੰਗਤਾਂ ਤੇ ਕਲਾਕਾਰਾਂ ਦਾ ਧੰਨਵਾਦ ਕੀਤਾ।

ਪਾਰਟੀ ਨੀਤੀਆਂ ਨੂੰ ਬੂਥ ਪੱਧਰ ਤੱਕ ਮਜ਼ਬੂਤ ਕਰਨ ਵਰਕਰ : ਨਕੱਈ

ਭੀਖੀ (ਧਰਮਵੀਰ ਸ਼ਰਮਾ)-ਭਾਰਤੀ ਜਨਤਾ ਪਾਰਟੀ ਦੀ ਸੂਬਾ ਇਕਾਈ ਵੱਲੋਂ ਸੂਬੇ ਦੇ ਲੋਕਾਂ ਨੂੰ ਮੋਦੀ ਸਰਕਾਰ ਦੇ 9 ਸਾਲ ਦੇ ਕਾਰਜਕਾਲ ਦੀਆਂ ਪ੍ਰਾਪਤੀਆਂ ਤੋਂ ਜਾਣੂ ਕਰਵਾਉਣ ਲਈ ਵਿੱਢੀ ਮੁਹਿੰਮ ਤਹਿਤ ਪਾਰਟੀ ਦੇ ਸੂਬਾ ਉੱਪ ਪ੍ਰਧਾਨ ਜਗਦੀਪ ਸਿੰਘ ਨਕੱਈ ਵੱਲੋਂ ਜ਼ਿਲ੍ਹਾ ਮੀਤ ਪ੍ਰਧਾਨ ਰਜਿੰਦਰ ਰਾਜੀ ਦੇ ਦਫ਼ਤਰ ਵਿੱਚ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਾਰਟੀ ਪ੍ਰੋਗਰਾਮਾਂ ਨੂੰ ਜ਼ਮੀਨੀ ਪੱਧਰ ਤੱਕ ਲੋਕਾਂ ਨੂੰ ਜਾਣੂ ਕਰਵਾਉਣ ਲਈ ਸਮੂਹ ਵਰਕਰ ਲਾਮਬੰਦ ਹੋਣ। ਉਨ੍ਹਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਸੰਸਾ ਕਰਦੇ ਕਿਹਾ ਕਿ ਮੋਦੀ ਸਿੱਖ ਮੁੱਦਿਆਂ ਦੇ ਹੱਲ ਤੇ ਰਾਜ ਦੇ ਵਿਕਾਸ ਦਾ ਮੁਦੱਈ ਹੈ। ਸਿੱਖੀ ਦੇ ਪ੍ਰਚਾਰ ਲਈ ਉਨ੍ਹਾਂ ਗੁਰੂ ਨਾਨਕ ਦੇਵ ਜੀ ਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਸ਼ਤਾਬਦੀਆਂ ਕੇਂਦਰ ਸਰਕਾਰ ਦੀ ਵਿੱਤੀ ਸਹਾਇਤਾ ਨਾਲ ਮਨਾਈਆਂ, ਉੱਥੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ 400 ਸਾਲਾ ਪ੍ਰਕਾਸ਼ ਪੁਰਬ ਲਾਲ ਕਿਲ੍ਹੇ ਵਿੱਚ ਮਨਾ ਕੇ ਸਮੁੱਚੇ ਭਾਰਤ ਵੱਲੋਂ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਉਨ੍ਹਾਂ ਕਿਹਾ ਕਿ ਪਾਰਟੀ ਨੂੰ ਸੂਬੇ ਅੰਦਰ ਮਜ਼ਬੂਤ ਕਰਨ ਲਈ ਹੇਠਲੇ ਪੱਧਰ 'ਤੇ ਵਰਕਰਾਂ ਨਾਲ ਪਾਰਟੀ ਲੀਡਰ ਤਾਲਮੇਲ ਕਰਨ। ਇਸ ਮੌਕੇ ਪਾਰਟੀ ਦੇ ਜ਼ਿਲ੍ਹਾ ਉਪ ਪ੍ਰਧਾਨ ਰਜਿੰਦਰ ਰਾਜੀ, ਐਡਵੋਕੇਟ ਮਨੋਜ ਗੋਇਲ, ਵਰਿੰਦਰ ਸ਼ੇਰਪੁਰੀਆਂ, ਅਸ਼ਵਨੀ ਗੌਤਮ, ਲਾਭ ਸਿੰਘ ਕਲੇਰ, ਵਿਵੇਕ ਜੈਨ ਬੱਬੂ, ਸੁਰੇਸ਼ ਕੁਮਾਰ ਬਿੰਦਲ, ਨਰਿੰਦਰ ਨਿੰਦੀ, ਵਿਜੇ ਕੁਮਾਰ ਗਰਗ ਸਮੇਤ ਵੱਡੀ ਗਿਣਤੀ ਵਿੱਚ ਭਾਜਪਾ ਵਰਕਰ ਹਾਜ਼ਰ ਸਨ।

ਵਕੀਲਾਂ ਦੇ ਹੱਕ 'ਚ 'ਚ ਬਾਰ ਐਸੋਸੀਏਸ਼ਨ ਵੱਲੋਂ ਹੜਤਾਲ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਬਾਰ ਐਸੋਸੀਏਸ਼ਨ ਸਮਾਣਾ ਦੇ ਪ੍ਰਧਾਨ ਹਰਸਿਮਰਨਪਾਲ ਸਿੰਘ ਤੱਤਲਾ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿੱਚ ਖਮਾਣੋਂ ਦੀ ਇੱਕ ਮਹਿਲਾ ਵਕੀਲ ਸੁਖਜੀਤ ਕੌਰ ਖਿਲਾਫ ਪੁਲਸ ਵੱਲੋਂ ਝੂਠਾ ਪਰਚਾ ਦਰਜ ਕਰਨ ਤੇ ਰੂਪ ਨਗਰ ਦੇ ਵਕੀਲ ਸਾਹਿਬ ਸਿੰਘ ਖੁੱਲਰ ਨੂੰ ਝੂਠੇ ਮੁਕੱਦਮੇ ਵਿੱਚ ਗ੍ਰਿਫਤਾਰ ਕਰਨ 'ਤੇ ਰੋਸ ਪ੍ਰਗਟ ਕਰਦਿਆਂ ਇੱਕ ਦਿਨ ਦੀ ਹੜਤਾਲ ਕਰਕੇ ਅਦਾਲਤੀ ਕੰਮ ਕਾਜ ਪੂਰੀ ਤਰ੍ਹਾਂ ਠੱਪ ਰੱਖਿਆ। ਇਸ ਮੌਕੇ ਬਾਰ ਐਸੋਸੀਏਸ਼ਨ ਸਮਾਣਾ ਦੇ ਅਹੁਦੇਦਾਰ ਤੇ ਬਾਰ ਮੈਂਬਰ ਹਾਜ਼ਰ ਸਨ, ਜਿਨ੍ਹਾਂ ਵਿੱਚ ਸੈਕਟਰੀ ਗੁਰਜੋਤ ਸਿੰਘ ਵਿਰਕ, ਮੀਤ ਪ੍ਰਧਾਨ ਹਰਤੇਜ ਸਿੰਘ ਸੰਧੂ, ਨਵਜੋਤ ਗਰਗ, ਪ੍ਰਿਤਪਾਲ ਸਿੰਘ ਰਵੇਲ, ਜਗਮੀਤ ਕੌਰ, ਸ਼ਿਵਚਰਨ ਵਰਤੀਆ, ਖਵਾਬ ਸੋਨੀ, ਜੁਗਰਾਜ ਸਿੰਘ ਵੜੈਚ, ਸਾਬਕਾ ਪ੍ਰਧਾਨ ਕਰਮਜੀਤ ਸਿੰਘ ਰੰਧਾਵਾ, ਕੁਲਵੰਤ ਸਿੰਘ ਢਿੱਲੋਂ, ਨਵਦੀਪ ਸਿੰਘ ਸਿੰਘ ਢਿੱਲੋਂ, ਹਰਮਨਦੀਪ ਸਿੰਘ ਸਿੱਧੂ, ਸੰਜੀਵ ਬਾਂਸਲ, ਬਲਬੀਰ ਸਿੰਘ ਧਨੋਆ, ਸੁਰੇਸ਼ ਸ਼ਰਮਾ, ਕੁਲਵਿੰਦਰ ਸਿੰਘ ਗਲੌਲੀ, ਹਰਦੀਪ ਸ਼ਰਮਾ ਇਲਾਵਾ ਹੋਰ ਵੀ ਬਾਰ ਮੈਂਬਰ ਹਾਜ਼ਰ ਸਨ।

ਐੱਸ ਡੀ ਐੱਮ ਵੱਲੋਂ ਟ੍ਰੈਫਿਕ ਦੀ ਸਮੱਸਿਆ ਨੂੰ ਲੈ ਕੇ ਬਜ਼ਾਰਾਂ ਦੀ ਚੈਕਿੰਗ

ਨਾਭਾ (ਵਰਿੰਦਰ ਵਰਮਾ)-ਹਲਕਾ ਨਾਭਾ ਵਿਖੇ ਦਿਨ ਪ੍ਰਤੀ ਦਿਨ ਟ੍ਰੈਫਿਕ ਦੀ ਸਮੱਸਿਆ ਵਧਦੀ ਜਾ ਰਹੀ ਹੈ, ਜਿਸ ਨਾਲ ਆਉਣ ਜਾਣ ਵਾਲੇ ਰਾਹਗੀਰਾਂ ਨੂੰ ਬੜੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਨੂੰ ਵੇਖਦੇ ਹੋਏ ਅੱਜ ਐੱਸ ਡੀ ਐੱਮ ਨਾਭਾ ਤਰਸੇਮ ਚੰਦ ਵੱਲੋਂ ਟ੍ਰੈਫਿਕ ਦੀ ਸਮੱਸਿਆ ਨੂੰ ਲੈ ਕੇ ਬਜ਼ਾਰਾਂ ਵਿੱਚ ਅਚਨਚੇਤ ਚੈਕਿੰਗ ਕੀਤੀ ਗਈ। ਇਸ ਮੌਕੇ ਉਨ੍ਹਾਂ ਵੱਲੋਂ ਕਈਆਂ ਦੇ ਚਲਾਨ ਕੱਟੇ ਗਏ ਤੇ ਕੁੱਝ ਨੂੰ ਵਾਰਨਿੰਗ ਦੇ ਕੇ ਛੱਡਿਆ ਗਿਆ। ਇਸ ਮੌਕੇ ਐੱਸ ਡੀ ਐੱਮ ਨਾਭਾ ਤਰਸੇਮ ਚੰਦ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਵਪਾਰੀਆਂ ਨੂੰ ਹਦਾਇਤ ਕੀਤੀ ਗਈ ਸੀ ਕਿ ਸ਼ਹਿਰ ਵਿੱਚ ਟ੍ਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸ਼ਹਿਰ ਵਾਸੀ ਤੇ ਦੁਕਾਨਦਾਰ ਆਪਣੇ ਵਾਹਨ ਪਾਰਕਿੰਗ ਵਿੱਚ ਹੀ ਲਗਾਉਣ ਤਾਂ ਜੋ ਦਿਨੋਂ ਦਿਨ ਵਧ ਰਹੀ ਟ੍ਰੈਫਿਕ ਸਮੱਸਿਆ ਨਾਲ ਨਜਿੱਠਿਆ ਜਾ ਸਕੇ। ਉਨ੍ਹਾ ਕਿਹਾ ਕਿ ਸ਼ਹਿਰ ਨੂੰ ਸਾਫ ਤੇ ਸੋਹਣਾ ਰੱਖਣਾ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ, ਇਸ ਲਈ ਸ਼ਹਿਰ ਦੀ ਜਨਤਾ ਤੇ ਸਮੂਹ ਦੁਕਾਨਦਾਰਾਂ ਨੂੰ ਅਪੀਲ ਹੈ ਕਿ ਉਹ ਪ੍ਰਸ਼ਾਸਨ ਨੂੰ ਆਪਣਾ ਸਹਿਯੋਗ ਦੇਣ।

ਲੋਕਾਂ ਨੂੰ ਭਾਜਪਾ ਦੀਆਂ ਨੀਤੀਆਂ ਬਾਰੇ ਜਾਣੂੰ ਕਰਾਇਆ ਜਾਵੇ : ਡਾ. ਗਰਗ

ਬਾਘਾ ਪੁਰਾਣਾ (ਮਨੀ ਸਿੰਗਲਾ)-ਭਾਰਤੀ ਜਨਤਾ ਪਾਰਟੀ ਬਾਘਾ ਪੁਰਾਣਾ ਦੇ ਮੰਡਲ ਦੇ ਪ੍ਰਧਾਨ ਦੀਪਕ ਤਲਵਾੜ ਦੀ ਅਗਵਾਈ ਵਿੱਚ ਬੱਸ ਸਟੈਂਡ ਸਾਹਮਣੇ ਬਣੇ ਡਰੀਮ ਬਿਲਡਰਜ਼ ਆਈਲਟਸ ਸੈਂਟਰ ਵਿੱਚ ਕਾਰਜਕਾਰੀ ਬੈਠਕ ਨੂੰ ਲੈ ਕੇ ਮੀਟਿੰਗ ਰੱਖੀ ਗਈ, ਜਿਸ ਵਿੱਚ ਮੋਗਾ ਜ਼ਿਲ੍ਹਾ ਮੋਗਾ ਦੇ ਪ੍ਰਧਾਨ ਡਾ. ਸੀਮਾਂਤ ਗਰਗ, ਹਲਕਾ ਇੰਚਾਰਜ ਗੁਰਮਿੰਦਰ ਸਿੰਘ ਬਬਲੂ, ਗੁਰਮੇਲ ਸਿੰਘ ਸਰਾਂ, ਮੁਕੇਸ਼ ਸ਼ਰਮਾ, ਸੋਰਵ ਸ਼ਰਮਾ, ਅਮਿਤ ਗੁਪਤਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਡਾ. ਸੀਮਾਂਤ ਗਰਗ ਨੇ ਕਿਹਾ ਕਿ ਲੋਕ ਦੂਸਰੀਆਂ ਪਾਰਟੀਆਂ ਤੋਂ ਬੇਹੱਦ ਦੁਖੀ ਹੋ ਚੁੱਕੇ ਹਨ। ਨਗਰ ਕੌਂਸਲ ਦੀਆਂ ਚੋਣਾਂ ਨੇੜੇ ਆ ਰਹੀਆਂ ਹਨ, ਜਿਸ ਕਰਕੇ ਬੀ.ਜੇ.ਪੀ. ਦੇ ਵਰਕਰ ਪੂਰੀ ਤਰ੍ਹਾਂ ਨਾਲ ਮਜ਼ਬੂਤ ਹੋ ਜਾਣ ਤੇ ਹਰ ਵਾਰਡ ਵਿੱਚ ਜਾ ਕੇ ਲੋਕਾਂ ਨਾਲ ਮੁਲਾਕਾਤ ਕੀਤੀ ਜਾਵੇ ਤੇ ਭਾਰਤੀ ਜਨਤਾ ਪਾਰਟੀ ਦੀਆਂ ਨੀਤੀਆਂ ਬਾਰੇ ਜਾਣੂੰ ਕਰਵਾਇਆ ਜਾਵੇ। ਇਸ ਮੌਕੇ ਮੰਡਲ ਪ੍ਰਧਾਨ ਦੀਪਕ ਤਲਵਾੜ, ਪ੍ਰਦੀਪ ਤਲਵਾੜ, ਯੂਵਾ ਮੋਰਚਾ ਦੇ ਪ੍ਰਧਾਨ ਗਗਨਦੀਪ ਲੂੰਬਾ ਵੱਲੋਂ ਡਾ. ਸੀਮਾਤ ਗਰਗ ਦਾ ਸਨਮਾਨ ਕੀਤਾ ਗਿਆ।

ਯੋਗ ਨਾਲ ਮਿਲਦੀ ਹੈ ਮਾਨਸਿਕ ਤਣਾਅ ਤੋਂ ਮੁਕਤੀ : ਪ੍ਰਿੰ. ਮੀਨੂੰ ਮੋਂਗਾ

ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)-ਗੁਰੂ ਹਰਸਹਾਏ ਵਿਖੇ ਜੇ. ਕੇ. ਐੱਸ. ਪਬਲਿਕ ਸਕੂਲ ਵਿੱਚ ਯੋਗਾ ਕੈਂਪ ਲਾਇਆ ਗਿਆ। ਇਹ ਕੈਂਪ ਯੋਗਾ ਅਧਿਆਪਕ ਮਨਪ੍ਰੀਤ ਕੌਰ ਤੇ ਖੇਡ ਅਧਿਆਪਕ ਬਖਸ਼ੀਸ਼ ਸਿੰਘ ਦੀ ਪ੍ਰਧਾਨਗੀ ਹੇਠ ਲਗਾਇਆ ਗਿਆ। ਇਸ ਵਿੱਚ ਤੀਜੀ ਤੋਂ ਦਸਵੀਂ ਜਮਾਤ ਤੱਕ ਦੇ ਸਾਰੇ ਵਿਦਿਆਰਥੀਆਂ ਨੇ ਭਾਗ ਲਿਆ। ਇਹ ਕੈਂਪ 3 ਸੈਸ਼ਨ ਵਿੱਚ ਲਗਾਇਆ ਗਿਆ। ਪਹਿਲੇ ਸੈਸ਼ਨ ਵਿੱਚ ਤੀਜੀ ਤੋਂ ਪੰਜਵੀਂ ਜਮਾਤ, ਦੂਜੇ ਸੈਸ਼ਨ ਵਿੱਚ ਛੇਵੀਂ ਤੋਂ ਅੱਠਵੀਂ ਜਮਾਤ ਤੇ ਤੀਜੇ ਸੈਸ਼ਨ ਵਿੱਚ ਨੌਵੀਂ ਤੋਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੇ ਯੋਗਾ ਤੇ ਪ੍ਰਾਣਾਯਾਮ ਕੀਤਾ। ਯੋਗਾ ਅਧਿਆਪਕ ਵੱਲੋਂ ਬੱਚਿਆਂ ਨੂੰ ਸੂਰਜ ਨਮਸਕਾਰ, ਸੁਖਾਸਨ, ਪਦਮਾਸਨ, ਵਜਰਾਸਨ, ਮਕਰਾਸਨ ਆਦਿ ਆਸਣ ਕਰਵਾਏ ਗਏ। ਬੱਚਿਆਂ ਨੇ ਐਰੋਬਿਕ ਡਾਂਸ ਦਾ ਖੂਬ ਆਨੰਦ ਲਿਆ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਮੀਨੂੰ ਮੋਂਗਾ ਨੇ ਬੱਚਿਆਂ ਨੂੰ ਯੋਗ ਦੀ ਮਹੱਤਤਾ ਦੱਸਦਿਆਂ ਕਿਹਾ ਕਿ ਯੋਗਾਸਨ ਸਰੀਰ ਵਿੱਚ ਊਰਜਾ ਦਾ ਪੱਧਰ ਵਧਾਉਣ ਦੇ ਨਾਲ-ਨਾਲ ਮਨ ਨੂੰ ਸ਼ਾਂਤ ਤੇ ਇਕਾਗਰ ਕਰਦਾ ਹੈ। ਉਨ੍ਹਾ ਬੱਚਿਆਂ ਨੂੰ ਯੋਗਾ ਕਰਨ ਲਈ ਪ੍ਰੇਰਿਤ ਕੀਤਾ। ਅੰਤ ਵਿੱਚ ਇਸ ਯੋਗਾ ਕਿਰਿਆ ਨੂੰ ਕਰਵਾਉਣ ਵਾਲੇ ਅਧਿਆਪਕਾਂ ਨੂੰ ਪ੍ਰਿੰਸੀਪਲ ਮੀਨੂੰ ਮੋਂਗਾ ਵੱਲੋਂ ਸਨਮਾਨਤ ਕੀਤਾ ਗਿਆ।

ਭੱਠਾ ਮਾਲਕ 'ਤੇ ਬੰਧੂਆ ਮਜ਼ਦੂਰ ਬਣਾ ਕੇ ਰੱਖਣ ਦੇ ਦੋਸ਼ ਲਾਉਂਦਿਆਂ ਮਜ਼ਦੂਰਾਂ ਵੱਲੋਂ ਪ੍ਰਦਰਸ਼ਨ

ਫ਼ਾਜ਼ਿਲਕਾ (ਕ੍ਰਿਸਨ ਸਿੰਘ)

ਭੱਠਾ ਮਾਲਕ ਵੱਲੋਂ ਭੱਠਾ ਮਜ਼ਦੂਰਾਂ ਨੂੰ ਬੰਧੂਆ ਮਜ਼ਦੂਰ ਬਣਾ ਕੇ ਰੱਖਣ ਦੇ ਮਾਮਲੇ 'ਚ ਦਲਿਤ ਦਾਸਤਾਂ ਵਿਰੋਧੀ ਅੰਦੋਲਨ ਸੰਸਥਾ ਵੱਲੋਂ ਡਿਪਟੀ ਕਮਿਸਨਰ ਦਫ਼ਤਰ ਅੱਗੇ ਗੇਟ ਬੰਦ ਰੱਖ ਕੇ ਧਰਨਾ ਦਿੱਤਾ ਗਿਆ। ਇਸ ਮੌਕੇ ਸਮੂਹ ਪਰਵਾਰਾਂ ਨੇ ਆਪਣੇ ਬੱਚਿਆਂ ਸਮੇਤ ਧਰਨੇ 'ਚ ਸ਼ਮੂਲੀਅਤ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਆਪਣਾ ਸਾਰਾ ਘਰੇਲੂ ਸਾਮਾਨ ਤੇ ਆਪਣੀਆਂ ਪਾਲਤੂ ਬੱਕਰੀਆਂ ਨੂੰ ਗੇਟ ਦੇ ਕੋਲ ਬੰਨ੍ਹ ਕੇ ਪ੍ਰਦਰਸ਼ਨ ਕੀਤਾ।

ਇਸ ਮੌਕੇ ਪੀੜਤ ਪਰਵਾਰਾਂ 'ਚੋਂ ਵੀਰਪਾਲ, ਪ੍ਰੇਮਵਤੀ ਅਤੇ ਹੋਰਨਾਂ ਨੇ ਦ.ਸਿਆ ਕਿ ਉਹ ਮਜ਼ਦੂਰੀ ਲਈ ਬਾਜਪੁਰ ਭਗਤਾ ਬਾਘਲਾ ਜ਼ਿਲ੍ਹਾ ਬਦਾਊਂ ਯੂਪੀ ਤੋਂ ਇੱਥੇ ਆਏ ਸਨ। ਕਰੀਬ 8 ਮਹੀਨੇ ਪਹਿਲਾਂ 13 ਸਤੰਬਰ 2022 ਨੂੰ ਉਹ ਅਬੋਹਰ ਦੇ ਪਿੰਡ ਖੈਰਪੁਰ ਸਥਿਤ ਇੱਕ ਭੱਠੇ 'ਤੇ ਭੱਠਾ ਮਜ਼ਦੂਰ ਵਜੋਂ ਕੰਮ ਕਰਨ ਲੱਗੇ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਉਨ੍ਹਾਂ ਨੇ ਇੱਥੋਂ ਵਾਪਸ ਘਰ ਜਾਣ ਦੀ ਗੱਲ ਕੀਤੀ ਤਾਂ ਭੱਠਾ ਮਾਲਕ ਨੇ ਉਨ੍ਹਾਂ ਨੂੰ ਆਪਣਾ ਬਕਾਇਆ ਦੇਣ ਤੋਂ ਟਾਲ ਮਟੋਲ ਕਰ ਦਿੱਤਾ ਅਤੇ ਉਨ੍ਹਾਂ ਦਾ ਸਮਾਨ ਚੁਕਵਾ ਦਿੱਤਾ ਗਿਆ, ਜਿਸ ਤੋਂ ਬਾਅਦ ਹੁਣ ਉਹ ਸੜਕਾਂ 'ਤੇ ਆ ਗਏ ਹਨ। ਉਨ੍ਹਾਂ ਭੱਠਾ ਮਾਲਕ 'ਤੇ ਉਨ੍ਹਾਂ ਨੂੰ ਬੰਧੂਆ ਮਜ਼ਦੂਰ ਬਣਾ ਕੇ ਰੱਖਣ ਦਾ ਦੋਸ਼ ਵੀ ਲਾਇਆ। ਦੂਜੇ ਪਾਸੇ 8 ਸਾਲਾ ਬੱਚੀ ਰੌਸ਼ਨੀ ਨੇ ਰੋ ਰੋ ਕੇ ਆਪਣਾ ਦੁੱਖ ਪ੍ਰਗਟ ਕਰਦੇ ਹੋਏ ਕਿਹਾ ਕਿ ਉਹ ਇੱਥੇ ਨਹੀਂ ਰਹਿਣਾ ਚਾਹੁੰਦੀ। ਉਹ ਹੁਣ ਘਰ ਜਾਣਾ ਚਾਹੁੰਦੇ ਹਨ। ਲੜਕੀ ਅਨੁਸਾਰ ਉਸ ਤੋਂ ਇਲਾਵਾ ਹੋਰ ਬੱਚਿਆਂ ਨੂੰ ਵੀ ਭੱਠੇ 'ਤੇ ਕੰਮ ਕਰਾਇਆ ਜਾਂਦਾ ਹੈ। ਅੱਜ ਉਸ ਦੇ ਪੜ੍ਹਾਈ ਦੇ ਦਿਨ ਹਨ ਅਤੇ ਮਜਬੂਰੀ ਵਿਚ ਉਸ ਨੂੰ ਭੱਠੇ 'ਤੇ ਮਜ਼ਦੂਰ ਵਜੋਂ ਕੰਮ ਕਰਨਾ ਪੈਂਦਾ ਹੈ। ਦੂਜੇ ਪਾਸੇ ਇਸ ਮੌਕੇ ਦਲਿਤ ਦਾਸਤਾਂ ਵਿਰੋਧੀ ਅੰਦੋਲਨ ਸੰਸਥਾ ਦੇ ਆਗੂ ਐਡਵੋਕੇਟ ਗਗਨਦੀਪ, ਸੁਖਦੇਵ ਸਿੰਘ ਤੇ ਹੋਰਨਾਂ ਨੇ ਦੱਸਿਆ ਕਿ ਭੱਠਾ ਮਾਲਕ ਨੇ ਉਨ੍ਹਾਂ ਦੇ ਬੱਚਿਆਂ ਸਮੇਤ ਕਰੀਬ 25 ਮਜ਼ਦੂਰਾਂ ਨੂੰ ਕਥਿਤ ਬੰਧੂਆ ਮਜ਼ਦੂਰ ਬਣਾ ਕੇ ਰੱਖਿਆ ਹੋਇਆ ਹੈ। ਜਿਸ ਤੋਂ ਬਾਅਦ ਮਾਮਲੇ ਦੀ ਸੂਚਨਾ ਸਬੰਧਤ ਐਸਡੀਐਮ, ਡਿਪਟੀ ਕਮਿਸ਼ਨਰ ਫ਼ਾਜ਼ਿਲਕਾ ਸਮੇਤ ਕਿਰਤ ਵਿਭਾਗ ਦੇ ਸਬੰਧਤ ਅਧਿਕਾਰੀਆਂ ਨੂੰ ਲਿਖਤੀ ਰੂਪ ਵਿੱਚ ਦਿੱਤੀ ਗਈ। ਇਸ ਤੋਂ ਬਾਅਦ ਵੀ ਸਬੰਧਤ ਭੱਠਾ ਮਾਲਕ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਮੰਗ ਕੀਤੀ ਕਿ ਭੱਠਾ ਮਾਲਕ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਖ਼ਬਰ ਲਿਖੇ ਜਾਣ ਤੱਕ ਪ੍ਰਸ਼ਾਸਨ ਦੇ ਸਬੰਧਤ ਅਧਿਕਾਰੀਆਂ ਤੇ ਭੱਠਾ ਮਜ਼ਦੂਰਾਂ ਤੇ ਉਨ੍ਹਾਂ ਦੇ ਆਗੂਆਂ ਵਿਚਕਾਰ ਮੀਟਿੰਗ ਚੱਲ ਰਹੀ ਸੀ।

ਬੀ ਕੇ ਯੂ ਏਕਤਾ ਉਗਰਾਹਾਂ ਨੇ ਥਾਣਾ ਸਦਰ ਅੱਗੇ ਲਾਇਆ ਪੱਕਾ ਮੋਰਚਾ

ਧੂਰੀ (ਸੁਖਦੇਵ ਧੂਰੀ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਪ੍ਰਧਾਨ ਹਰਬੰਸ ਸਿੰਘ ਲੱਡਾ ਦੀ ਅਗਵਾਈ ਹੇਠ ਥਾਣਾ ਸਦਰ ਅੱਗੇ ਧਰਨਾ ਦੇਣ ਮੌਕੇ ਪੱਕਾ ਮੋਰਚਾ ਲਗਾਉਣ ਦਾ ਐਲਾਨ ਕੀਤਾ ਗਿਆ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਬਲਾਕ ਪ੍ਰਧਾਨ ਹਰਬੰਸ ਸਿੰਘ ਲੱਡਾ ਨੇ ਕ

31-April-PAGE-3.qxd 5/30/2023 10:33 PM Page 1

ਪੰਜਾਬ ਖੇਤ ਮਜ਼ਦੂਰ ਸਭਾ ਤਰਨ ਤਾਰਨ ਤੋਂ ਦਿੱਲੀ ਧਰਨੇ ਲਈ ਕਾਫਲਾ ਰਵਾਨਾ

ਤਰਨ ਤਾਰਨ (ਨ ਜ਼ ਸ)

ਪੰਜਾਬ ਖੇਤ ਮਜ਼ਦੂਰ ਸਭਾ ਤਰਨ ਤਾਰਨ ਤੋਂ ਦਿੱਲੀ ਧਰਨੇ ਲਈ ਕਾਫਲਾ ਰਵਾਨਾ ਕੀਤਾ ਗਿਆ। ਇਸ ਕਾਫਲੇ ਦੀ ਅਗਵਾਈ ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਜੋਗਿੰਦਰ ਸਿੰਘ ਵਲਟੋਹਾ, ਜ਼ਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ, ਜ਼ਿਲ੍ਹਾ ਮੀਤ ਸਕੱਤਰ ਕਾਮਰੇਡ ਮੇਜਰ ਸਿੰਘ ਦਾਰਾਪੁਰ, ਜ਼ਿਲ੍ਹਾ ਆਗੂ ਕਾਮਰੇਡ ਜਸਵੰਤ ਸਿੰਘ ਸੀਤੋ, ਕਾਮਰੇਡ ਜੋਤਾ ਸਿੰਘ ਕਿਰਤੋਵਾਲ ਕਲਾਂ ਨੇ ਕੀਤੀ। ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਆਗੂਆਂ ਨੇ ਕਿਹਾ ਕਿ ਜਦੋਂ ਦੀ ਕੇਂਦਰ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਸੱਤਾ ਵਿੱਚ ਆਈ ਹੈ, ਆਮ ਲੋਕਾਂ ਦਾ ਜਿਊਣਾ ਦੁੱਭਰ ਹੋ ਗਿਆ ਹੈ। ਦੇਸ਼ ਦੀ ਡਿੱਗ ਰਹੀ ਆਰਥਿਕਤਾ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਲੋਕਾਂ ਨੂੰ ਫਿਰਕੂ ਲੀਹਾਂ 'ਤੇ ਵੰਡਿਆ ਜਾ ਰਿਹਾ ਹੈ। ਲਗਾਤਾਰ ਵੱਧ ਰਹੀ ਮਹਿੰਗਾਈ, ਬੇਰੋਜ਼ਗਾਰੀ, ਨੋਟਬੰਦੀ, ਜੀਐੱਸਟੀ, ਕੋਰੋਨਾ ਦੌਰਾਨ ਕੁਪ੍ਰਬੰਧ ਨੇ ਆਮ ਲੋਕਾਂ ਤੇ ਛੋਟੇ ਕਾਰੋਬਾਰੀਆਂ ਨੂੰ ਹੋਰ ਹਾਸ਼ੀਏ 'ਤੇ ਧੱਕ ਦਿੱਤਾ ਹੈ। ਖਾਣ ਪੀਣ ਵਾਲੀਆਂ ਵਸਤੂਆਂ ਦੇ ਅਸਮਾਨੀ ਚੜ੍ਹੇ ਭਾਅ ਗਰੀਬ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਏ ਹਨ। ਮੋਦੀ ਸਰਕਾਰ ਦੇਸ਼ ਦੀਆਂ ਸੰਵਿਧਾਨਕ ਸੰਸਥਾਵਾਂ ਨੂੰ ਤਹਿਸ-ਨਹਿਸ ਕਰ ਕੇ ਦੇਸ਼ ਨੂੰ ਤਾਨਾਸ਼ਾਹੀ ਵੱਲ ਲਿਜਾ ਰਿਹਾ ਹੈ। ਆਮ ਜਨਤਾ, ਖੇਤ ਮਜ਼ਦੂਰ, ਕਿਸਾਨ, ਮਨਰੇਗਾ ਮਜ਼ਦੂਰ, ਨੌਜਵਾਨ, ਔਰਤਾਂ ਤੇ ਛੋਟੇ ਕਾਰੋਬਾਰੀਆਂ ਦੀਆਂ ਜਾਇਜ਼ ਮੰਗਾਂ ਨੂੰ ਛੱਡ ਕੇ ਸਿਰਫ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਏ ਜਾ ਰਹੇ ਹਨ। ਦੇਸ਼ ਦਾ ਸਰਮਾਇਆ ਅੰਬਾਨੀ, ਅਡਾਨੀ ਨੂੰ ਲੁਟਾਇਆ ਜਾ ਰਿਹਾ ਹੈ। ਦੇਸ਼ ਵਿੱਚ 35 ਫੀਸਦੀ ਆਬਾਦੀ ਦਲਿਤ ਲੋਕਾਂ ਦੀ ਹੈ ਜਿਸ ਵਿੱਚ ਵੱਡੀ ਗਿਣਤੀ ਵਿੱਚ ਖੇਤ ਮਜ਼ਦੂਰ ਹਨ। ਮਸ਼ੀਨੀਕਰਨ ਹੋਣ ਕਰਕੇ ਗਰੀਬ ਲੋਕਾਂ ਦਾ ਰੋਜ਼ਗਾਰ ਛੁੱਟ ਗਿਆ। ਸਰਕਾਰ ਨੇ ਇਨ੍ਹਾਂ ਕਾਮਿਆਂ ਲਈ ਕਿਸੇ ਵੀ ਬਦਲਵੇਂ ਕੰਮ ਦਾ ਪ੍ਰਬੰਧ ਨਹੀਂ ਕੀਤਾ। ਉਨ੍ਹਾਂ ਮੰਗ ਕੀਤੀ ਕਿ ਮਨਰੇਗਾ ਕਾਮਿਆਂ ਨੂੰ ਪੂਰਾ ਸਾਲ ਕੰਮ ਅਤੇ ਕੰਮ ਦਿਹਾੜੀ ਸੱਤ ਸੌ ਰੁਪਏ ਦਿਤੀ ਜਾਵੇ ਅਤੇ ਕੀਤੇ ਹੋਏ ਕੰਮ ਦਾ ਭੁਗਤਾਨ ਪੰਦਰਾਂ ਦਿਨਾਂ ਦੇ ਅੰਦਰ-ਅੰਦਰ ਕੀਤਾ ਜਾਵੇ। ਮਨਰੇਗਾ ਦੇ ਬਜਟ ਵਿੱਚ ਕੀਤੀ ਕਟੌਤੀ ਤੁਰੰਤ ਵਾਪਸ ਲਈ ਜਾਵੇ। ਇਸ ਮੌਕੇ ਹਾਜ਼ਰ ਆਗੂ ਕਾਮਰੇਡ ਲਾਲ ਸਿੰਘ ਵਲਟੋਹਾ, ਕਾਮਰੇਡ ਭਗਵੰਤ ਸਿੰਘ ਵੇਈਂਪੂਈਂ, ਕਾਮਰੇਡ ਬਲਵਿੰਦਰ ਸਿੰਘ ਭਰੋਵਾਲ, ਜਸਪਾਲ ਸਿੰਘ ਫਤਿਆਬਾਦ, ਕਾਮਰੇਡ ਬਲਬੀਰ ਸਿੰਘ ਮੱਲ੍ਹੀ, ਹੀਰਾ ਸਿੰਘ ਕੋਟ ਬੁੱਢਾ, ਕਾਮਰੇਡ ਬਾਵਾ ਸਿੰਘ ਸੀਤੋ, ਕਾਮਰੇਡ ਕਾਰਜ ਸਿੰਘ ਕਿਰਤੋਵਾਲ ਖੁਰਦ, ਵਿਜੇ ਦੀਪ ਸਿੰਘ, ਬਾਬਾ ਜਾਨੀ ਗੰਡੀਵਿੰਡ ਆਦਿ ਹਾਜ਼ਰ ਸਨ।

ਪਹਿਲਵਾਨਾਂ ਨਾਲ ਸਰਕਾਰ ਵੱਲੋਂ ਧੱਕੇਸ਼ਾਹੀ ਦੀ ਸ਼੍ਰੋਮਣੀ ਕਮੇਟੀ ਨੇ ਕੀਤੀ ਨਿੰਦਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਿੱਲੀ ਦੇ ਜੰਤਰ-ਮੰਤਰ ਵਿਖੇ ਇਨਸਾਫ ਲਈ ਧਰਨੇ 'ਤੇ ਬੈਠੀਆਂ ਉਲੰਪੀਅਨ ਪਹਿਲਵਾਨ ਬੀਬੀਆਂ ਨਾਲ ਸਰਕਾਰ ਵੱਲੋਂ ਕੀਤੀ ਗਈ ਧੱਕੇਸ਼ਾਹੀ ਦੀ ਕਰੜੀ ਨਿੰਦਾ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਆਖਿਆ ਕਿ ਸਰਕਾਰੀ ਤੰਤਰ ਵੱਲੋਂ ਮਨੁੱਖੀ ਹੱਕਾਂ ਲਈ ਆਵਾਜ਼ ਉਠਾਉਣ ਵਾਲਿਆਂ ਵਿਰੁੱਧ ਜ਼ਬਰਦਸਤੀ ਲੋਕਤੰਤਰ 'ਤੇ ਧੱਬਾ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਦੇਸ਼ ਲਈ ਨਵੀਂ ਬਣੀ ਸੰਸਦ ਦਾ ਉਦਘਾਟਨ ਹੋ ਰਿਹਾ ਸੀ ਤੇ ਦੂਜੇ ਪਾਸੇ ਦੇਸ਼ ਦਾ ਨਾਮ ਰੌਸ਼ਨ ਕਰਨ ਵਾਲੀਆਂ ਮਹਿਲਾ ਪਹਿਲਵਾਨਾਂ 'ਤੇ ਤਸ਼ੱਦਦ ਕੀਤਾ ਜਾ ਰਿਹਾ ਸੀ, ਜਿਸ ਨੇ ਪੂਰੇ ਦੇਸ਼ ਨੂੰ ਸ਼ਰਮਸਾਰ ਕੀਤਾ ਹੈ। ਭਾਈ ਗਰੇਵਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਤੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਇਕ ਵਫਦ ਨੇ ਜੰਤਰ-ਮੰਤਰ ਵਿਖੇ ਇਨ੍ਹਾਂ ਪਹਿਲਵਾਨਾਂ ਵੱਲੋਂ ਇਨਸਾਫ ਲਈ ਲਾਏ ਧਰਨੇ ਵਿਚ ਸਮਰਥਨ ਲਈ ਸ਼ਾਮਲ ਹੋਣਾ ਸੀ ਪਰੰਤੂ ਸਰਕਾਰ ਵੱਲੋਂ ਬੀਤੇ ਕੱਲ੍ਹ ਜ਼ਬਰੀ ਧਰਨਾ ਚੁਕਵਾਉਣ ਕਾਰਨ ਇਹ ਪ੍ਰੋਗਰਾਮ ਫਿਲਹਾਲ ਮੁਲਤਵੀ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਆਪਣੇ ਹੱਕਾਂ ਲਈ ਲੜਾਈ ਲੜ ਰਹੀਆਂ ਇਨ੍ਹਾਂ ਮਹਿਲਾ ਪਹਿਲਵਾਨਾਂ ਦੇ ਨਾਲ ਡੱਟ ਕੇ ਖੜ੍ਹੀ ਹੈ ਅਤੇ ਅਗੋਂ ਜੋ ਵੀ ਪ੍ਰੋਗਰਾਮ ਬਣੇਗਾ ਇਨ੍ਹਾਂ ਨੂੰ ਪੂਰਨ ਸਹਿਯੋਗ ਦਿੱਤਾ ਜਾਵੇਗਾ। ਭਾਈ ਗਰੇਵਾਲ ਨੇ ਇਸ ਗੱਲ 'ਤੇ ਇਤਰਾਜ ਵੀ ਕੀਤਾ ਕੇ ਜਦੋਂ ਵੀ ਸਿੱਖ ਕੌਮ ਆਪਣੇ ਇਤਿਹਾਸ ਤੇ ਪਰੰਪਰਾਵਾਂ ਅਨੁਸਾਰ ਮਨੁੱਖੀ ਹੱਕਾਂ ਲਈ ਲੜਣ ਵਾਲਿਆਂ ਨਾਲ ਖੜਦੀ ਹੈ ਤਾਂ ਕੁਝ ਲੋਕਾਂ ਵੱਲੋਂ ਇਸ ਪ੍ਰਤੀ ਨਕਾਰਾਤਮਿਕ ਬਿਰਤਾਂਤ ਸਿਰਜਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਦੇਸ਼ ਦੀ ਰੱਖਿਆ ਲਈ ਹਮੇਸ਼ਾਂ ਕੁਰਬਾਨੀਆਂ ਦਿੱਤੀਆਂ ਹਨ ਅਤੇ ਸਿੱਖਾਂ ਨੂੰ ਕਿਸੇ ਕੋਲੋਂ ਦੇਸ਼ ਭਗਤੀ ਸਿੱਖਣ ਦੀ ਲੋੜ ਨਹੀਂ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਬੀਬੀ ਗੁਰਿੰਦਰ ਕੌਰ ਭੋਲੂਵਾਲ ਨੇ ਕਿਹਾ ਕਿ ਅਫ਼ਸੋਸ ਦੀ ਗੱਲ ਹੈ ਕਿ ਜਿਨ੍ਹਾਂ ਬੱਚੀਆਂ ਨੇ ਖੇਡਾਂ ਵਿਚ ਮੈਡਲ ਜਿੱਤ ਕੇ ਦੇਸ਼ ਦਾ ਨਾਮ ਰੌਸ਼ਨ ਕੀਤਾ ਅੱਜ ਉਨ੍ਹਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਇਨ੍ਹਾਂ ਬੱਚੀਆਂ ਦੀ ਗੱਲ ਸੁਣਨ ਦੀ ਬਜਾਏ ਉਨ੍ਹਾਂ ਨੂੰ ਸੜਕਾਂ 'ਤੇ ਰੋਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਧੱਕੇਸ਼ਾਹੀ ਵਿਰੁੱਧ ਇਨ੍ਹਾਂ ਬੱਚੀਆਂ ਦੇ ਨਾਲ ਹਰ ਸਮੇਂ ਖੜ੍ਹੀ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਬੀਬੀ ਗੁਰਿੰਦਰ ਕੌਰ ਭੋਲੂਵਾਲ, ਸਕੱਤਰ ਪ੍ਰਤਾਪ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸਤਨਾਮ ਸਿੰਘ ਮਾਂਗਾਸਰਾਏ, ਕਾਨੂੰਨੀ ਸਲਾਹਕਾਰ ਪ੍ਰੀਤਪਾਲ ਸਿੰਘ, ਸੁਪਰਡੈਂਟ ਮਲਕੀਤ ਸਿੰਘ ਬਹਿੜਵਾਲ, ਇੰਚਾਰਜ ਮੀਡੀਆ ਹਰਭਜਨ ਸਿੰਘ ਵਕਤਾ, ਇੰਚਾਰਜ ਬਲਵਿੰਦਰ ਸਿੰਘ ਖੈਰਾਬਾਦ, ਮੀਤ ਮੈਨੇਜਰ ਰਵਿੰਦਰਜੀਤ ਸਿੰਘ ਆਦਿ ਹਾਜ਼ਰ ਸਨ।

7 ਤੋਲੇ ਸੋਨੇ ਤੇ 16 ਤੋਲੇ ਚਾਂਦੀ ਦੇ ਗਹਿਣੇ ਚੋਰੀ

ਗੁਰਦਾਸਪੁਰ, (ਜਨਕ ਮਹਾਜਨ)-ਥਾਣਾ ਦੀਨਾਨਗਰ ਅਧੀਨ ਪੈਂਦੇ ਪਿੰਡ ਅਬਲਖੈਰ ਵਿਖੇ ਇਕ ਘਰ ਵਿਚੋਂ 7 ਤੋਲੇ ਸੋਨੇ ਦੇ ਗਹਿਣੇ ਅਤੇ 16 ਤੋਲੇ ਚਾਂਦੀ ਦੇ ਗਹਿਣੇ ਚੋਰੀ ਹੋਣ ਦੀ ਖ਼ਬਰ ਮਿਲੀ ਹੈ। ਪੁਲਸ ਥਾਣਾ ਦੀਨਾਨਗਰ ਨੂੰ ਕੀਤੀ ਸ਼ਿਕਾਇਤ ਵਿਚ ਰਾਮ ਚੰਦ ਪੁੱਤਰ ਪ੍ਰਕਾਸ਼ ਚੰਦ ਵਾਸੀ ਅਬਲਖੈਰ ਨੇ ਦੱਸਿਆ ਕਿ ਉਸ ਦੇ ਪਰਿਵਾਰਕ ਮੈਂਬਰ ਸਵੇਰੇ 6.30 ਵਜੇ ਦੇ ਕਰੀਬ ਡੇਰਾ ਬਿਆਸ ਚਲੇ ਗਏ ਅਤੇ ਉਹ ਵੀ ਗੰਨੇ ਦਾ ਰਸ ਵੇਚਣ ਵਾਸਤੇ ਸਬਜ਼ੀ ਮੰਡੀ ਗੁਰਦਾਸਪੁਰ ਚਲਾ ਗਿਆ। ਉਨ੍ਹਾਂ ਦੱਸਿਆ ਕਿ ਦੁਪਹਿਰ 3 ਵਜੇ ਦੇ ਕਰੀਬ ਜਦ ਉਹ ਵਾਪਸ ਆਇਆ ਤਾਂ ਵੇਖਿਆ ਕਿ ਘਰ ਦੇ ਤਾਲੇ ਟੁੱਟੇ ਪਏ ਸਨ ਅਤੇ ਕਮਰਿਆਂ ਵਿਚ ਪਈਆਂ ਅਲਮਾਰੀਆਂ ਵੀ ਟੁੱਟੀਆਂ ਪਈਆਂ ਸਨ ਅਤੇ ਅਲਮਾਰੀਆਂ ਵਿਚੋਂ 7 ਤੋਲੇ ਸੋਨੇ ਦੇ ਗਹਿਣੇ ਅਤੇ 16 ਤੋਲੇ ਚਾਂਦੀ ਦੇ ਗਹਿਣੇ ਚੋਰੀ ਸਨ। ਪੀੜਤ ਦੇ ਬਿਆਨਾਂ 'ਤੇ ਦੀਨਾਨਗਰ ਪੁਲਸ ਨੇ ਧਾਰਾ 454 ਅਧੀਨ ਨਾਮਲੂਮ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਅਕਾਲਗੜ੍ਹ ਢਪਈਆਂ 'ਚ ਪਿਲਾਈਆਂ ਪਲਸ ਪੋਲੀਓ ਰੋਕੂ ਬੂੰਦਾਂ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਸਿਵਲ ਸਰਜਨ ਅੰਮ੍ਰਿਤਸਰ ਡਾ. ਚਰਨਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾਕਟਰ ਮੋਨਾ ਚਤਰਥ ਸੀਨੀਅਰ ਮੈਡੀਕਲ ਅਫਸਰ ਤਰਸਿੱਕਾ ਦੀ ਅਗਵਾਈ ਹੇਠ ਪਿੰਡ ਅਕਾਲਗੜ੍ਹ ਢਪਈਆਂ ਵਿੱਚ ਪਲਸ ਪੋਲੀਓ ਬੂੰਦਾਂ ਪਿਲਾਈਆਂ ਗਈਆਂ। ਇਸ ਦੌਰਾਨ ਪਿੰਡ ਵਿਚੋਂ 2 ਬੂਥ ਲਗਾ ਕੇ 400 ਗਰੀਬ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਗਈਆਂ। ਪਲਸ ਪੋਲੀਓ ਮੁਹਿੰਮ ਦੌਰਾਨ ਭੱਠਿਆਂ ਅਤੇ ਗੁੱਜਰਾਂ ਦੇ ਬੱਚਿਆਂ ਨੂੰ ਇਹ ਬੂੰਦਾਂ ਪਿਲਾਈਆਂ ਗਈਆਂ। ਇਸ ਮੌਕੇ ਬਲਦੇਵ ਸਿੰਘ ਮਲਟੀਪਰਪਜ਼ ਹੈਲਥ ਵਰਕਰ, ਸੁਖਦੀਪ ਕੌਰ ਏਐੱਨਐੱਮ, ਰਵਿੰਦਰ ਸਿੰਘ ਐੱਸਆਈ, ਮਨਜੀਤ ਕੌਰ, ਵੀਨਾ ਕੁਮਾਰੀ, ਦਲਜੀਤ ਕੌਰ ਆਸ਼ਾ ਵਰਕਰ, ਕੁਲਵੰਤ ਕੌਰ, ਬਲਵਿੰਦਰ ਕੌਰ, ਮਨਦੀਪ ਕੌਰ ਆਂਗਣਵਾੜੀ ਵਰਕਰਾਂ ਦਾ ਇਸ ਵਿੱਚ ਵਿਸ਼ੇਸ਼ ਸਹਿਯੋਗ ਰਿਹਾ।

ਸ਼ਮਸ਼ੇਰ ਸਿੰਘ ਵੱਲੋਂ ਪਿੰਡ ਦੋਰਾਂਗਲਾ 'ਚ ਲੱਖਾਂ ਦੇ ਪ੍ਰੋਜੈਕਟ ਦਾ ਨਿਰੀਖਣ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਪਿੰਡ ਦੋਰਾਂਗਲਾ ਵਿੱਚ ਪਿਛਲੇ 70 ਸਾਲਾਂ ਤੋਂ ਪਾਣੀ ਦੇ ਨਿਕਾਸ ਦੀ ਸਮੱਸਿਆ ਨੂੰ ਪਿਛਲੀਆਂ ਸਰਕਾਰਾਂ ਦੂਰ ਨਹੀਂ ਕਰ ਸਕੀਆਂ ਉਸ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇੱਕ ਸਾਲ ਵਿੱਚ ਹੀ ਸ਼ੁਰੂ ਕਰਵਾਇਆ ਗਿਆ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਦੀਨਾਨਗਰ ਤੋਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਦੋਰਾਂਗਲਾ ਵਿੱਚ ਇਸ ਛੱਪੜ ਦੇ ਚੱਲ ਰਹੇ ਕੰਮ ਦਾ ਨਰੀਖਣ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਇਸ ਪਿੰਡ ਵਿੱਚ ਬਾਰਿਸ਼ ਦੇ ਪਾਣੀ ਦਾ ਨਿਕਾਸ ਨਾ ਹੋਣ ਕਰਕੇ ਨਾਲ ਲੱਗਦੇ ਖੇਤਾਂ ਦੇ ਕਿਸਾਨਾਂ ਨੂੰ ਨੁਕਸਾਨ ਹੁੰਦਾ ਸੀ ਅਤੇ ਪਿੰਡ ਦੇ ਲੋਕਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਜਿਸ ਦਾ ਮੁੱਦਾ ਜਦੋਂ ਸਾਡੇ ਵਲੋਂ ਪਿਛਲੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਗਿਆ ਤਾਂ ਸਰਕਾਰ ਨੇ 1 ਕਰੋੜ 45 ਲੱਖ ਦੀ ਗ੍ਰਾਂਟ ਦੇ ਕੇ ਪਿੰਡ ਦੋਰਾਂਗਲਾ ਦੇ ਲੋਕਾਂ ਨੂੰ ਇਕ ਵੱਡੀ ਰਾਹਤ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਇਸ ਪਾਣੀ ਨੂੰ ਨਵੀਂ ਤਕਨਾਲੋਜੀ ਨਾਲ ਪਿੰਡ ਤੋਂ ਤਿੰਨ ਕਿਲੋਮੀਟਰ ਬਾਹਰ ਸੁੱਟਿਆ ਜਾਵੇਗਾ ਅਤੇ ਇਹ ਪ੍ਰੋਜੈਕਟ ਲੱਗਭਗ 25 ਦਿਨਾਂ ਦੇ ਅੰਦਰ ਤਿਆਰ ਹੋ ਕੇ ਕੰਮ ਕਰਨਾ ਸ਼ੁਰੂ ਕਰ ਦੇਵੇਗਾ। ਪਿੰਡ ਦੇ ਲੋਕਾਂ ਵੱਲੋਂ ਇਸ ਸਮੱਸਿਆ ਤੋਂ ਵੱਡੀ ਰਾਹਤ ਦਿਵਾਉਣ ਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਦਾ ਧੰਨਵਾਦ ਕੀਤਾ। ਇਸ ਮੌਕੇ ਜਰਨੈਲ ਸਿੰਘ, ਸੁਖਦੇਵ ਰਾਜ, ਜਸਬੀਰ ਸਿੰਘ, ਹੀਰਾ ਸਿੰਘ, ਸਿਮਰਨ ਸਿੰਘ, ਸੋਨੂੰ, ਅਸ਼ਵਨੀ, ਟੋਨੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਦੇ ਲੋਕਾਂ ਹਾਜ਼ਰ ਸਨ।

ਚੁਬੱਚੇ 'ਚ ਡੁੱਬਣ ਨਾਲ ਸਵਾ ਦੋ ਸਾਲ ਦੇ ਬੱਚੇ ਦੀ ਮੌਤ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਇਥੋਂ ਨਜ਼ਦੀਕ ਪਿੰਡ ਧਾਰੀਵਾਲ ਕਲਾਂ ਵਿਖੇ ਬਾਹਰ ਖੇਤਾਂ ਵਿੱਚ ਡੇਰਾ ਪੱਡਿਆਂ ਵਿੱਚ ਸਵਾ ਦੋ ਸਾਲ ਦੇ ਮਸੂਮ ਬੱਚੇ ਦੀ ਟਿਊਬਵੈੱਲ ਦੇ ਪਾਣੀ ਵਾਲੇ ਚੁਬੱਚੇ ਵਿੱਚ ਡੁੱਬਣ ਨਾਲ ਮੌਤ ਹੋ ਗਈ। ਮ੍ਰਿਤਕ ਬੱਚਾ ਅਗਮਜੋਤ ਸਿੰਘ ਆਪਣੇ ਮਾਪਿਆਂ (ਪਿਤਾ ਇਕਬਾਲ ਸਿੰਘ ਪੱਡਾ ਤੇ ਮਾਤਾ ਇਕਬਾਲ ਕੌਰ) ਦਾ ਇਕਲੌਤਾ ਪੁੱਤ ਸੀ। ਇਸ ਮੰਦਭਾਗੀ ਖਬਰ ਸੁਣਦਿਆਂ ਹੀ ਪਿੰਡ ਤੇ ਇਲਾਕੇ ਅੰਦਰ ਮਾਤਮ ਛਾ ਗਿਆ ਅਤੇ ਵੱਡੀ ਗਿਣਤੀ 'ਚ ਲੋਕ ਪੱਡਾ ਪਰਿਵਾਰ ਨਾਲ ਦੁੱਖ ਦਾ ਇਜ਼ਹਾਰ ਕਰਨ ਪਹੁੰਚੇ। ਮ੍ਰਿਤਕ ਬੱਚੇ ਦੀ ਮਾਤਾ ਇਕਬਾਲ ਕੌਰ ਸਰਕਾਰੀ ਹਾਈ ਸਕੂਲ ਡੇਹਰੀਵਾਲ ਦਰੋਗਾ ਵਿੱਚ ਅਧਿਆਪਕਾ ਹੈ। ਮ੍ਰਿਤਕ ਬੱਚੇ ਦੇ ਚਾਚਾ ਮੈਨੇਜਰ ਮਨਜਿੰਦਰ ਸਿੰਘ ਨੇ ਦੱਸਿਆ ਕਿ ਅਗਮਜੋਤ ਸਿੰਘ ਆਪਣੀ ਭੈਣ ਅਸ਼ਮੀਤ ਕੌਰ ਤੋਂ 9 ਸਾਲ ਬਾਅਦ ਪੈਦਾ ਹੋਇਆ ਸੀ। ਪਰਿਵਾਰਕ ਮੈਂਬਰਾਂ ਅਨੁਸਾਰ ਅਗਮਜੋਤ ਸਿੰਘ ਘਰ ਵਿੱਚ ਖੇਡਦਾ ਹੋਇਆ ਅਚਾਨਕ ਘਰ ਦੇ ਬਾਹਰਵਾਰ ਚਲਾ ਗਿਆ। ਜਦੋਂ ਕੁੱਝ ਸਮਾਂ ਉਹ ਘਰ ਦੇ ਅੰਦਰ ਨਾ ਪਰਤਿਆ ਤਾਂ ਉਸਦੀ ਭਾਲ ਕਰਦੇ ਹੋਏ ਉਨ੍ਹਾਂ ਟਿਊਬਵੈੱਲ (ਮੋਟਰ) ਦੇ ਪਾਣੀ ਵਾਲੇ ਚੁਬੱਚੇ ਵਿੱਚ ਦੇਖਿਆ ਤਾਂ ਉਸਦੀ ਪਾਣੀ ਵਿੱਚ ਡੁੱਬਣ ਨਾਲ ਮੌਤ ਹੋ ਚੁੱਕੀ ਸੀ। ਮਸੂਮ ਬੱਚੇ ਦੀ ਅਣਹੋਣੀ ਮੌਤ 'ਤੇ ਸਰਕਾਰੀ ਹਾਈ ਸਕੂਲ ਡੇਹਰੀਵਾਲ ਦਰੋਗਾ ਦੇ ਮੁੱਖ ਅਧਿਆਪਕ ਸਤਨਾਮ ਸਿੰਘ ਤੇ ਸਮੂਹ ਸਟਾਫ, ਸਮਾਜਸੇਵੀ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਪੱਡਾ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

ਹੁਣ ਸਿਰਫ 396 ਰੁਪਏ 'ਚ ਡਾਕਘਰ ਤੋਂ ਮਿਲੇਗਾ 10 ਲੱਖ ਦਾ ਦੁਰਘਟਨਾ, ਅਪੰਗਤਾ, ਅਧਰੰਗ ਬੀਮਾ

ਗੁਰਦਾਸਪੁਰ, (ਜਨਕ ਮਹਾਜਨ)

ਡਾਕਘਰ ਗੁਰਦਾਸਪੁਰ ਵਿਖੇ ਡਾਕ ਵਿਭਾਗ ਵਲੋਂ ਬਜਾਜ ਅਲਾਇੰਜ਼ ਬੀਮਾ ਕੰਪਨੀ ਦੇ ਸਹਿਯੋਗ ਨਾਲ ਦੁਰਘਟਨਾ ਬੀਮਾ ਯੋਜਨਾ ਬਾਰੇ ਵਿਸ਼ੇਸ਼ ਸੈਮੀਨਾਰ ਆਯੋਜ

31-May-PAGE-4.qxd 5/30/2023 10:21 PM Page 1

ਨਵਾਂ ਜ਼ਮਾਨਾ
ਬੁੱਧਵਾਰ, 31 ਮਈ 2023

ਯੂ ਪੀ ਦੀਆਂ ਸਥਾਨਕ ਚੋਣਾਂ ਦਾ ਸੱਚ

ਕਰਨਾਟਕ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਸਮੇਂ ਭਾਜਪਾ ਦੀ ਹਾਰ ਉੱਤੇ ਪਰਦਾ ਪਾਉਣ ਲਈ ਗੋਦੀ ਮੀਡੀਆ ਨੇ ਯੂ ਪੀ ਦੀਆਂ ਸਥਾਨਕਾਂ ਚੋਣਾਂ ਦਾ ਜ਼ੋਰ-ਸ਼ੋਰ ਨਾਲ ਢੰਡੋਰਾ ਪਿੱਟਣਾ ਸ਼ੁਰੂ ਕਰ ਦਿੱਤਾ ਸੀ। "ਯੂ ਪੀ ਦੀਆਂ ਸਥਾਨਕ ਚੋਣਾਂ ਵਿੱਚ ਭਾਜਪਾ ਦੀ ਪ੍ਰਭਾਵਸ਼ਾਲੀ ਜਿੱਤ" ਤੇ "ਯੂ ਪੀ ਵਿੱਚ ਟ੍ਰਿਪਲ ਇੰਜਣ ਸਰਕਾਰ ਦਾ ਕਮਾਲ" ਆਦਿ ਸਿਰਲੇਖ ਘੜੇ ਗਏ ਸਨ।

ਇਹ ਸੱਚ ਹੈ ਕਿ ਇਨ੍ਹਾਂ ਚੋਣਾਂ ਵਿੱਚ ਭਾਜਪਾ ਨੇ 17 ਨਗਰ ਨਿਗਮਾਂ ਦੇ ਮੇਅਰਾਂ ਦੇ ਅਹੁਦਿਆਂ 'ਤੇ ਜਿੱਤ ਪ੍ਰਾਪਤ ਕਰ ਲਈ ਸੀ, ਪਰ ਨਗਰ ਪਾਲਿਕਾਵਾਂ ਤੇ ਨਗਰ ਪੰਚਾਇਤਾਂ ਵਿੱਚ ਉਹ ਕੋਈ ਕ੍ਰਿਸ਼ਮਾ ਨਹੀਂ ਕਰ ਸਕੀ। ਇਹ ਆਮ ਵਰਤਾਰਾ ਹੈ ਕਿ ਸੱਤਾਧਾਰੀਆਂ ਨੂੰ ਛੱਡ ਕੇ ਬਾਕੀ ਪਾਰਟੀਆਂ ਆਪਣੇ ਬਹੁਤੇ ਉਮੀਦਵਾਰ ਅਜ਼ਾਦ ਖੜ੍ਹੇ ਕਰ ਦਿੰਦੀਆਂ ਹਨ, ਤਾਂ ਕਿ ਜਿੱਤਣ ਤੋਂ ਬਾਅਦ ਉਨ੍ਹਾਂ ਨੂੰ ਸੱਤਾਧਾਰੀਆਂ ਦੇ ਅਤਾਬ ਦਾ ਨਿਸ਼ਾਨਾ ਨਾ ਬਣਨਾ ਪਵੇ। ਉੱਤਰ ਪ੍ਰਦੇਸ਼ ਵਿੱਚ ਯੋਗੀ ਦੀ ਤਾਨਾਸ਼ਾਹੀ ਦਾ ਜਿਸ ਤਰ੍ਹਾਂ ਦਾ ਖੌਫ਼ ਹੈ, ਉਸ ਕਾਰਨ ਇਹ ਹੋਰ ਵੀ ਜ਼ਰੂਰੀ ਬਣ ਜਾਂਦਾ ਹੈ। ਇਸ ਦਹਿਸ਼ਤੀ ਮਾਹੌਲ ਦਾ ਕਾਰਨ ਹੀ ਸੀ ਕਿ ਇਨ੍ਹਾਂ ਚੋਣਾਂ ਵਿੱਚ ਲੋਕਾਂ ਨੇ ਵੋਟ ਪਾਉਣ ਵਿੱਚ ਬਹੁਤੀ ਦਿਲਚਸਪੀ ਨਹੀਂ ਦਿਖਾਈ। ਨਗਰ ਨਿਗਮ ਦੇ ਮੇਅਰਾਂ ਦੀ ਹੀ ਗੱਲ ਕਰੀਏ ਤਾਂ ਪ੍ਰਯਾਗ ਰਾਜ ਦਾ ਮੇਅਰ 15 .ਫ਼ੀਸਦੀ, ਝਾਂਸੀ ਦਾ 27 .ਫ਼ੀਸਦੀ, ਗੋਰਖਪੁਰ ਦਾ 17.22 .ਫ਼ੀਸਦੀ, ਫਿਰੋਜ਼ਾਬਾਦ ਦਾ 17.99 .ਫ਼ੀਸਦੀ, ਮੁਰਾਦਾਬਾਦ ਦਾ 18.02 .ਫ਼ੀਸਦੀ, ਵਾਰਾਨਸੀ ਦਾ 18.15 .ਫ਼ੀਸਦੀ, ਆਗਰਾ ਦਾ 18.25 .ਫ਼ੀਸਦੀ, ਮੇਰਠ ਦਾ 18.76 .ਫ਼ੀਸਦੀ, ਬਰੇਲੀ ਦਾ 19.74 .ਫ਼ੀਸਦੀ, ਕਾਨਪੁਰ ਦਾ 19.86 .ਫ਼ੀਸਦੀ, ਮਥੁਰਾ ਦਾ 20.18 .ਫ਼ੀਸਦੀ, ਅਲੀਗੜ੍ਹ ਦਾ 21.51 .ਫ਼ੀਸਦੀ, ਅਯੁੱਧਿਆ ਦਾ 23.32 .ਫ਼ੀਸਦੀ, ਸ਼ਾਹਜਹਾਂਪੁਰ ਦਾ 24.66 ਫ਼ੀਸਦੀ ਤੇ ਸਹਾਰਨਪੁਰ ਦਾ 25.01 ਫ਼ੀਸਦੀ ਵੋਟਾਂ ਲੈ ਕੇ ਹੀ ਚੁਣਿਆ ਗਿਆ ਹੈ। ਇਨ੍ਹਾਂ ਚੋਣਾਂ ਵਿੱਚ ਸਭ ਤੋਂ ਵੱਡੀ ਗੱਲ ਇਹ ਹੋਈ ਹੈ ਕਿ ਲੰਮੇ ਸਮੇਂ ਤੋਂ ਬਾਅਦ ਕਾਂਗਰਸ ਦਾ ਪੁਰਾਣਾ ਵੋਟ ਬੈਂਕ ਉਸ ਵੱਲ ਮੁੜਨਾ ਸ਼ੁਰੂ ਹੋਇਆ ਹੈ। 17 ਵਿੱਚੋਂ ਤਿੰਨ ਨਗਰ ਨਿਗਮਾਂ ਵਿੱਚ ਕਾਂਗਰਸੀ ਉਮੀਦਵਾਰ ਮੁੱਖ ਟੱਕਰ ਵਿੱਚ ਰਹੇ ਤੇ ਉਨ੍ਹਾਂ ਸਮਾਜਵਾਦੀ ਪਾਰਟੀ ਤੇ ਬਸਪਾ ਦੇ ਉਮੀਦਵਾਰਾਂ ਨੂੰ ਪਿੱਛੇ ਧੱਕ ਦਿੱਤਾ ਸੀ। ਮੁਰਾਦਾਬਾਦ ਵਿੱਚ ਕਾਂਗਰਸ ਉਮੀਦਵਾਰ ਨੂੰ 1,17,832 (40.46 .ਫ਼ੀਸਦੀ) ਵੋਟਾਂ ਮਿਲੀਆਂ, ਜਦੋਂ ਕਿ ਬਸਪਾ ਨੂੰ 15,838 ਤੇ ਸਪਾ ਉਮੀਦਵਾਰ ਨੂੰ 13,447 ਵੋਟਾਂ ਮਿਲੀਆਂ। ਸ਼ਾਹਜਹਾਂਪੁਰ ਵਿੱਚ ਵੀ ਕਾਂਗਰਸੀ ਉਮੀਦਵਾਰ 30.94 .ਫ਼ੀਸਦੀ ਵੋਟਾਂ ਲੈ ਕੇ ਦੂਜੇ ਸਥਾਨ 'ਤੇ ਰਿਹਾ। ਝਾਂਸੀ ਵਿੱਚ ਵੀ ਕਾਂਗਰਸ ਦੋ ਨੰਬਰ 'ਤੇ ਰਹੀ। ਮੇਰਠ ਵਿੱਚ ਦੂਜੇ ਨੰਬਰ ਉਤੇ 35191 ਵੋਟਾਂ ਲੈ ਕੇ ਬਸਪਾ ਤੇ ਤੀਜੇ ਉੱਤੇ 35173 ਵੋਟਾਂ ਲੈ ਕੇ ਕਾਂਗਰਸ ਰਹੀ। ਕਾਨਪੁਰ ਵਿੱਚ ਵੀ ਕਾਂਗਰਸ ਉਮੀਦਵਾਰ ਤੀਜੇ ਥਾਂ 'ਤੇ ਰਿਹਾ।

ਹੁਣ ਦੇਖੋ ਨਗਰ ਪਾਲਿਕਾਵਾਂ ਦੇ ਨਤੀਜੇ। ਯੂ ਪੀ ਵਿੱਚ ਕੁੱਲ 199 ਨਗਰ ਪਾਲਿਕਾਵਾਂ ਹਨ। ਇਨ੍ਹਾਂ ਦੇ ਪ੍ਰਧਾਨਾਂ ਦੀ ਚੋਣ ਵਿੱਚ ਭਾਜਪਾ ਦੇ ਸਿਰਫ਼ 89 ਪ੍ਰਧਾਨ ਹੀ ਜਿੱਤ ਸਕੇ ਹਨ। ਕੌਂਸਲਰਾਂ ਦੇ 5327 ਅਹੁਦਿਆਂ ਵਿੱਚੋਂ ਭਾਜਪਾ ਦੇ ਸਿਰਫ਼ 1360 ਉਮੀਦਵਾਰ ਹੀ ਜਿੱਤ ਸਕੇ ਹਨ। ਭਾਜਪਾ ਦੀ ਹਾਲਤ ਏਨੀ ਪਤਲੀ ਰਹੀ ਕਿ 16 ਜ਼ਿਲ੍ਹਿਆਂ ਆਗਰਾ, ਆਜ਼ਮਗੜ੍ਹ, ਇਟਾਵਾ, ਕਾਨਪੁਰ ਫਰੂਖਾਬਾਦ, ਬਸਤੀ, ਬਾਰਾਬੰਕੀ, ਭਦੋਹੀ, ਮਊ, ਮੁਰਾਦਾਬਾਦ, ਮਹਾਰਾਜਗੰਜ, ਰਾਏਬਰੇਲੀ, ਸ਼ਰਾਬਸਤੀ, ਸੰਤ ਕਬੀਰ ਨਗਰ ਤੇ ਅਯੁੱਧਿਆ ਅਧੀਨ ਆਉਂਦੀਆਂ 27 ਨਗਰ ਪਾਲਿਕਾਵਾਂ ਵਿੱਚ ਭਾਜਪਾ ਦਾ ਖਾਤਾ ਵੀ ਨਹੀਂ ਖੁੱਲ੍ਹ ਸਕਿਆ। ਹੁਣ ਲਓ ਨਗਰ ਪੰਚਾਇਤਾਂ ਦੀ ਗੱਲ। ਨਗਰ ਪੰਚਾਇਤਾਂ ਦੇ ਕੁੱਲ 544 ਪ੍ਰਧਾਨਾਂ ਵਿੱਚੋਂ ਭਾਜਪਾ ਸਿਰਫ਼ 191 'ਤੇ ਹੀ ਜਿੱਤ ਸਕੀ। ਇਸੇ ਤਰ੍ਹਾਂ ਨਗਰ ਪੰਚਾਇਤਾਂ ਦੇ 7177 ਮੈਂਬਰਾਂ ਦੀ ਚੋਣ ਵਿੱਚ ਭਾਜਪਾ ਦੇ ਸਿਰਫ਼ 1403 ਉਮੀਦਵਾਰ ਹੀ ਜਿੱਤ ਸਕੇ ਹਨ। ਗਾਜ਼ੀਆਬਾਦ ਦੀਆਂ 4, ਬਾਗਪਤ ਦੀਆਂ 6, ਮੁਜ਼ੱਫਰਨਗਰ ਦੀਆਂ 8 ਤੇ ਰਾਮਪੁਰ ਦੀਆਂ 6 ਨਗਰ ਪੰਚਾਇਤਾਂ ਵਿੱਚ ਭਾਜਪਾ ਪ੍ਰਧਾਨਾਂ ਦੀ ਚੋਣ ਵਿੱਚ ਇੱਕ ਸੀਟ ਨਹੀਂ ਜਿੱਤ ਸਕੀ।

ਅਸਲ ਵਿੱਚ ਭਾਜਪਾ ਵੱਡੇ ਸ਼ਹਿਰਾਂ ਵਿੱਚ ਪੁਲਸੀ ਰਾਜ ਦੀ ਦਹਿਸ਼ਤ ਤੇ ਵੋਟਾਂ ਦੀ ਵੰਡ ਕਾਰਨ ਜਿੱਤਣ ਵਿੱਚ ਕਾਮਯਾਬ ਰਹੀ ਹੈ। ਇਨ੍ਹਾਂ ਚੋਣਾਂ ਨੇ ਦੋ ਨਤੀਜੇ ਕੱਢੇ ਹਨ। ਇੱਕ ਇਹ ਕਿ ਸਪਾ ਤੇ ਬਸਪਾ ਦੇ ਮੁਸਲਿਮ ਤੇ ਦਲਿਤ ਵੋਟ ਬੈਂਕ ਨੇ ਹੁਣ ਕਾਂਗਰਸ ਵੱਲ ਰੁਖ ਕਰਨਾ ਸ਼ੁਰੂ ਕਰ ਦਿੱਤਾ ਹੈ। ਦੂਜਾ, ਇਹ ਕਿ ਜੇਕਰ ਵਿਰੋਧੀ ਧਿਰਾਂ ਵੋਟਾਂ ਦੀ ਵੰਡ ਰੋਕਣ ਵਿੱਚ ਕਾਮਯਾਬ ਹੋ ਗਈਆਂ ਤਦ ਭਾਜਪਾ ਨੂੰ ਹਰਾਉਣਾ ਮੁਸ਼ਕਲ ਨਹੀਂ ਹੈ।

-ਚੰਦ ਫਤਿਹਪੁਰੀ

ਹੱਥਾਂ 'ਚ ਫਲਾਵਰ...!

ਜਿੱਥੇ ਅੱਗ ਦੀ ਲੋੜ ਹੁੰਦੀ ਹੈ,
ਉੱਥੇ ਪਾਣੀ ਡੋਲ੍ਹ ਦਿੰਦੇ ਹਾਂ।
ਜਦੋਂ ਚਾਹੀਦੀ ਪਰਦਾਦਾਰੀ,
ਸਾਰੇ ਪਰਦੇ ਖੋਲ੍ਹ ਦਿੰਦੇ ਹਾਂ।
ਚਿਹਰਿਆਂ ਉੱਤੋਂ ਲਾਹ ਲੀੜੇ,
ਉੱਚੀ-ਉੱਚੀ ਬੋਲ ਦਿੰਦੇ ਹਾਂ।
ਕੋਲ ਹੁੰਦਾ ਹੈ ਜਿਹੜਾ ਸੌਦਾ,
ਪੂਰਾ ਕਰਕੇ ਤੋਲ ਦਿੰਦੇ ਹਾਂ।
ਰੋਕ-ਰੋਕ ਕੇ ਜੋਗੀ ਤਾਈਂ,
ਮਿੱਟੀ ਤੱਕ ਫਰੋਲ ਦਿੰਦੇ ਹਾਂ।
ਹੱਥਾਂ ਵਿੱਚ ਫਲਾਵਰ ਦਿੱਤੇ,
ਤੋੜ-ਤੋੜ ਕੇ ਰੋਲ ਦਿੰਦੇ ਹਾਂ।

-ਗੁਲਪੁਰ

ਜਦੋਂ ਪੀਰੀ ਮੀਰੀ ਦੀ ਗੁਲਾਮ ਹੋ ਜਾਏ

ਸੁੱਚਾ ਸਿੰਘ ਖਟੜਾ

ਕਿਸੇ ਵੀ ਵਿਅਕਤੀ, ਸੰਸਥਾ ਹੋਂਦ ਜਾਂ ਹਸਤੀ ਤੋਂ ਉਮੀਦ ਉਸ ਦੇ ਪਿਛੋਕੜ ਦੇ ਕੁੱਲ ਪ੍ਰਭਾਵ ਤੋਂ ਬਣਦੀ ਹੈ। ਇਹ ਗੱਲ ਸਿੱਖੀ ਉੱਤੇ ਵੀ ਪੂਰੀ ਢੁਕਦੀ ਹੈ। ਧਰਮ ਦੇ ਨਾਂਅ ਤੋਂ ਸਿੱਖ ਧਰਮ ਨਾਂਅ ਦੇ ਧਰਮ ਦਾ ਅਰੰਭ ਕਿਸੇ ਗੁਰੂ ਸਾਹਿਬ ਨੇ ਨਹੀਂ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਖ਼ਾਲਸਾ ਦੀ ਹੀ ਸਥਾਪਨਾ ਕੀਤੀ। ਸਿੱਖ ਧਰਮ ਅਤੇ ਖਾਲਸਾ ਵੱਖ-ਵੱਖ ਹੋਂਦ ਹਸਤੀਆਂ ਹਨ। ਇੱਕ ਨਹੀਂ ਹਨ। ਨਾ ਹੀ ਇੱਕ ਦੇ ਦੋ ਨਾਂਅ ਹਨ। ਇਹ ਅੰਤਰ ਵੇਖਣਾ ਹੋਵੇ ਤਾਂ ਇਤਿਹਾਸਕ ਗੁਰਦੁਆਰਿਆਂ ਵਿੱਚ ਸੈਲਾਨੀਆਂ ਨੂੰ ਵੇਖ ਕੇ ਨਹੀਂ, ਹਰ ਰੋਜ਼ ਸਵੇਰੇ ਨਿੱਤਨੇਮ ਨਾਲ ਮੱਥਾ ਟੇਕਣ ਆਉਣ ਵਾਲੇ ਸ਼ਰਧਾਵਾਨਾਂ ਨੂੰ ਵੇਖ ਕੇ ਕੀਤਾ ਜਾ ਸਕਦਾ ਹੈ। ਇਨ੍ਹਾਂ ਸ਼ਰਧਾਲੂਆਂ ਵਿੱਚ ਹਿੰਦੂ ਭੈਣ-ਭਰਾਵਾਂ ਦਾ ਚੋਖਾ ਹਿੱਸਾ ਹੁੰਦਾ ਹੈ। ਇਨ੍ਹਾਂ ਵਿੱਚੋਂ ਅਨੇਕਾਂ ਹਨ, ਜਿਹੜੇ ਕੇਵਲ ਮਾਨਸਿਕ ਤ੍ਰਿਪਤੀ ਲਈ ਆਉਂਦੇ ਹਨ। ਉਹ ਭਾਸ਼ਾਂ ਦੇ ਸਕਣ ਜਾਂ ਨਾ, ਪਰ ਉਹ ਸਮੁੱਚੇ ਇਤਿਹਾਸ ਨਾਲ ਜੁੜੀਆਂ ਹਸਤੀਆਂ, ਘਟਨਾਵਾਂ ਅਤੇ ਗੁਰਬਾਣੀ ਤੋਂ ਪ੍ਰੇਰਤ ਹੁੰਦੇ ਹਨ, ਬਸ ਸੁੱਤੇ ਸਿੱਧ ਨੱਤਮਸਤਕ ਹੋ ਕੇ ਮਾਨਸਿਕ ਸੁੱਖ ਪ੍ਰਾਪਤ ਕਰਦੇ ਹਨ। ਗੁਰਬਾਣੀ ਵਿੱਚ ਮਾਨਵਤਾ, ਬਰਾਬਰੀ, ਪਿਆਰ, ਸੇਵਾ ਅਤੇ ਕਿਸੇ ਦੂਜੇ ਧਰਮ ਵਿਰੁੱਧ ਨਫ਼ਰਤ ਦਾ ਅਭਾਵ ਉਨ੍ਹਾ ਸਮੇਤ ਸਭ ਨੂੰ ਪ੍ਰੇਰਣਾ ਦਿੰਦਾ ਹੈ, ਆਪਣੇ ਵੱਲ ਖਿੱਚਦਾ ਹੈ।

ਵੀਹਵੀਂ ਸਦੀ ਦੇ ਦੂਜੇ ਦਹਾਕੇ ਦਾ ਅੰਤ ਆਉਂਦਿਆਂ ਇਤਿਹਾਸਕ ਗੁਰਦੁਆਰਿਆਂ ਅੰਦਰ ਮਸੰਦਾਂ ਵੱਲੋਂ ਜੋ ਵਰਤਾਰਾ ਸ਼ੁਰੂ ਹੋਇਆ, ਉਸ ਨੂੰ ਦੇਖਦਿਆਂ ਕੁਝ ਸਿੱਖ ਸ਼ਖਸੀਅਤਾਂ ਨੇ ਸਹੀ ਬੁੱਝਿਆ ਕਿ ਜੇਕਰ ਇਤਿਹਾਸਕ ਗੁਰਦੁਆਰਿਆਂ ਵਿੱਚ ਇਹ ਵਾਪਰਨਾ ਜਾਰੀ ਰਿਹਾ ਤਾਂ ਸਿੱਖੀ ਜੋ ਇੱਕ ਜੀਵਨ-ਜਾਚ ਦੇ ਰੂਪ ਵਿੱਚ ਅਬਾਦੀ ਦੇ ਵੱਡੇ ਹਿੱਸਿਆਂ ਵਿੱਚ ਇੱਕ ਧਰਮ ਦਾ ਰੂਪ ਲੈ ਚੁੱਕੀ ਹੈ। ਆਪਣੀ ਹੋਂਦ ਦੇ ਵੱਡੇ ਸੰਕਟ ਵਿੱਚ ਚਲੇ ਜਾਵੇਗੀ। ਇਨ੍ਹਾਂ ਹਾਲਤਾਂ ਵਿੱਚ ਗੁਰਦੁਆਰਾ ਲਹਿਰ ਅਰੰਭ ਹੋਈ, ਕਿਉਂਕਿ ਮਸੰਦ ਅੰਗਰੇਜ਼ ਪ੍ਰਸ਼ਾਸਨ ਵੱਲੋਂ ਸਥਾਪਤ ਕੀਤੇ ਗਏ ਸਨ, ਇਸ ਲਈ ਮਸੰਦਾਂ ਵਿਰੁੱਧ ਗੁਰਦੁਆਰਾ ਲਹਿਰ ਬ੍ਰਿਟਿਸ਼ ਸਰਕਾਰ ਵਿਰੁੱਧ ਲਹਿਰ ਬਣ ਗਈ। ਇਹੀ ਕਾਰਨ ਸੀ ਕਿ ਪੰਡਤ ਜਵਾਹਰ ਲਾਲ ਨਹਿਰੂ ਤੱਕ ਪ੍ਰਭਾਵਤ ਹੋਣੋਂ ਨਾ ਬਚ ਸਕੇ। ਜੈਤੋ ਦੇ ਮੋਰਚੇ ਦੀ ਇਮਦਾਦ ਵਿੱਚ ਉਹ ਆਏ ਅਤੇ ਪੁਲਸ ਦੀਆਂ ਡਾਂਗਾਂ ਤੋਂ ਤਾਂ ਬਚ ਗਏ, ਪਰ ਜੈਤੋ ਥਾਣੇ ਦੀ ਹਵਾਲਾਤ ਵਿੱਚ ਅੰਗਰੇਜ਼ ਪ੍ਰਸ਼ਾਸਨ ਨੇ ਰਾਤ ਕਟਵਾਈ। ਲਾਮਿਸਾਲ ਲਹਿਰ ਦੌਰਾਨ ਸ਼ਹੀਦੀਆਂ ਦੇ ਬਾਵਜੂਦ ਅਹਿਸਾ ਅਤੇ ਅਨੁਸ਼ਾਸਨ ਨੇ ਅੰਗਰੇਜ਼ ਸਰਕਾਰ ਨੂੰ ਝੁਕਾਇਆ ਅਤੇ ਮਸੰਦਾਂ ਤੋਂ ਗੁਰਦੁਆਰੇ ਹੀ ਮੁਕਤ ਨਹੀਂ ਹੋਏ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਹਾਸਲ ਹੋਈ।

ਅਬਾਦੀ ਦੇ ਅਧਾਰ ਉਤੇ ਕਿਹਾ ਜਾਂਦਾ ਹੈ ਕਿ ਈਸਾਈ, ਇਸਲਾਮ, ਬੁੱਧ ਧਰਮ, ਹਿੰਦੂ ਧਰਮ ਆਦਿ ਵੱਡੇ ਧਰਮ ਜ਼ਰੂਰ ਹਨ, ਪਰ ਇਨ੍ਹਾ ਵਿੱਚੋਂ ਕਿਸੇ ਕੋਲ ਵੀ ਇਨ੍ਹਾਂ ਦੇ ਧਰਮਾਂ ਨੂੰ ਮੰਨਣ ਵਾਲਿਆਂ ਦੀ ਕੋਈ ਕੇਂਦਰੀ ਸੰਸਥਾ ਨਹੀਂ, ਜਿਸ ਦਾ ਖਾਸਾ ਜਮਹੂਰੀ ਅਤੇ ਬਾਕਾਇਦਾ ਵੋਟਾਂ ਨਾਲ ਚੋਣ ਵਾਲਾ ਹੋਵੇ। ਸੰਸਾਰ ਭਰ ਦੇ ਨਾ ਸਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਜਾਬ, ਹਿਮਾਚਲ, ਹਰਿਆਣਾ ਅਤੇ ਦਿੱਲੀ ਵਿੱਚ ਵਸਦੇ ਸਿੱਖਾਂ ਦੀ ਨੁਮਾਇੰਦਾ ਸੰਸਥਾ ਸੀ। ਇਸ ਦੇ ਇਤਿਹਾਸ ਵਿੱਚ ਇਹ ਧੱਬਾ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਸੇਵਾ ਵਿੱਚ ਜਾਣ ਕਰਕੇ ਦਿੱਲੀ, ਹਰਿਆਣਾ ਆਪਣੀਆਂ ਵੱਖਰੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਬਣਾ ਕੇ ਲੈ ਗਏ। ਮੁੜ ਦੁਹਰਾਵਾਂਗੇ ਕਿ ਵੰਡ ਤੋਂ ਪਹਿਲਾਂ ਵਾਲੀ ਵਿਸ਼ਾਲ ਸਿੱਖ ਸਮੂਹਾਂ ਦੀ ਨੁਮਾਇੰਦਾ ਕੇਂਦਰੀ ਸੰਸਥਾ ਕਿਸੇ ਕੋਲ ਨਹੀਂ ਸੀ। ਖੱਖੜੀਆਂ ਹੋਈ ਇਸ ਸੰਸਥਾ ਦਾ ਨਿਘਾਰ ਹੀ ਕਹੋ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਤੋਂ ਵੀ ਬਗਾਵਤੀ ਸੁਰਾਂ ਸੁਣੀਂਦੀਆਂ ਹਨ। ਸ਼੍ਰੋ. ਗੁ. ਪ੍ਰ. ਕਮੇਟੀ ਤੋਂ ਜੋ ਉਮੀਦਾਂ ਸਨ, ਜੇਕਰ ਉਹ ਪੂਰੀਆਂ ਨਹੀਂ ਹੁੰਦੀਆਂ ਤਾਂ ਖੱਖੜੀਆਂ ਕਿਸੇ ਵੀ ਹੱਦ ਤੱਕ ਜਾ ਸਕਦੀਆਂ ਹਨ। ਲੋੜ ਹੈ ਉਮੀਦਾਂ ਦੀ ਪਹਿਚਾਣ ਕੀਤੀ ਜਾਵੇ, ਅਤੇ ਸਿੱਖ ਗੁਰਦੁਆਰਿਆਂ ਦੀ ਇਤਿਹਾਸਕ ਮਹੱਤਤਾ ਦੇ ਨਾਲ-ਨਾਲ ਬਰਾਬਰ ਮਾਨਵਤਾ ਦੀ ਸੇਵਾ ਦੇ ਸੁਨੇਹੇ ਨੂੰ ਅਮਲੀ ਜਾਮੇ ਵਿੱਚ ਉਤਾਰਿਆ ਜਾਵੇ। ਇਹ ਸੰਸਥਾਨ ਬਣਾ ਕੇ ਹੀ ਹੋ ਸਕਦਾ ਹੈ।

ਫਿਰ ਸ਼੍ਰੋ. ਗੁਰਦੁਆਰਾ ਪ੍ਰਬੰਧਕ ਕਮੇਟੀ ਅਜਿਹਾ ਕੀ ਕਰੇ ਕਿ ਇਹਦੇ ਕਾਰਜ ਵਿਲੱਖਣ ਹੋ ਕੇ ਸਾਹਮਣੇ ਆਉਣ ਅਤੇ ਸਿੱਖੀ ਜੀਵਨ-ਜਾਚ ਤੋਂ ਹਰ ਕੋਈ ਪ੍ਰਭਾਵਤ ਹੋ ਕੇ ਸੁੱਤੇ-ਸਿੱਧ ਨਾਲ ਜੁੜੇ। ਹੁਣ ਤਾਂ ਦੇਸ਼ ਦਾ ਸੰਵਿਧਾਨ ਵੀ ਅਥਾਹ ਮੌਕੇ ਦਿੰਦਾ ਹੈ ਕਿ ਸਿੱਖਿਆ, ਸਿਹਤ, ਆਦਿ ਬੇਸ਼ੁਮਾਰ ਅਦਾਰੇ ਖੋਲ੍ਹ ਕੇ ਸਮਾਜ ਦੀ ਸੇਵਾ ਕੀਤੀ ਜਾ ਸਕਦੀ ਹੈ। ਕੋਈ ਕਹਿ ਸਕਦਾ ਹੈ ਕਿ ਅਜਿਹੇ ਅਦਾਰੇ ਤਾਂ ਪਹਿਲਾਂ ਹੀ ਹਨ। ਜ਼ਰੂਰ ਹਨ ਕੌਮੀ ਸੂਚੀ ਤੋਂ ਅੱਗੇ ਇਹ ਤਾਂ ਆਲਮੀ ਸੂਚੀ ਵਿੱਚ ਕੋਈ ਮੁਕਾਮ ਪ੍ਰਾਪਤ ਹੋਣੇ ਚਾਹੀਦੇ ਹਨ।

ਸ਼੍ਰੋ. ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੋਟਰਾਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਸੇਵਾ ਲਈ ਕਦੇ ਨਹੀਂ ਚੁਣਿਆ। ਦੋਨਾਂ ਦੇ ਰਲਗੱਡ ਦਾ ਸਿੱਟਾ ਹੈ ਕਿ ਸਿੱਖਿਆ ਅਤੇ ਸਿਹਤ ਸੰਸਥਾਵਾਂ, ਸਕੂਲ, ਕਾਲਜ, ਇੰਜਨੀਅਰਿੰਗ ਕਾਲਜ, ਮੈਡੀਕਲ ਕਾਲਜ, ਹਸਪਤਾਲ, ਯੂਨੀਵਰਸਿਟੀਆਂ ਮੰਦੇ ਹਾਲ ਹੋ ਗਈਆਂ ਹਨ। ਹਰਿਆਣਾ, ਦਿੱਲੀ ਦੇ ਗੁਰਦੁਆਰਾ ਕਮੇਟੀਆਂ ਦਾ ਬਣਨਾ ਇਸ ਰਲਗੱਡ ਦਾ ਸਿੱਧਾ ਸਿੱਟਾ ਹੈ। ਸਿੱਖ ਸਿਧਾਂਤ ਇਹ ਆਗਿਆ ਨਹੀਂ ਦਿੰਦੇ ਕਿ ਸੇਵਾ ਲਈ ਬਣੀਆਂ ਸੰਸਥਾਵਾਂ ਨੂੰ ਕਿਸੇ ਦੀ ਸਿਆਸਤ ਦਾ ਅਹਾਤਾ ਬਣਾਇਆ ਜਾਵੇ। ਸ਼੍ਰੋ. ਗੁ. ਪ੍ਰਬੰਧਕ ਕਮੇਟੀ ਸਿਆਸੀ ਸੰਸਥਾ ਨਹੀਂ, ਗੁਰਦੁਆਰਿਆਂ ਦੀ ਸੰਭਾਲ ਹੀ ਨਹੀਂ ਕਰਦੀ, ਗੁਰਦੁਆਰਿਆਂ ਦਾ ਅਸਲੀ ਕਾਰਜ ਉਸ ਧਰਮ ਜਾਂ ਜੀਵਨ-ਜਾਚ ਦਾ ਪਸਾਰ ਕਰਨਾ ਹੈ, ਜੋ ਮਾਨਵਤਾ, ਭਾਈਚਾਰਾ, ਬਰਾਬਰੀ ਸੇਵਾ ਅਤੇ ਤਿਆਗ ਜਿਹੇ ਸੰਕਲਪਾਂ ਦਾ ਧਾਰਨੀ ਹੈ।

ਸਿੱਖ ਜਨ ਸਮੂਹ ਸ਼੍ਰੋ. ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਵਿੱਚ ਜੇਕਰ ਮਿਸ਼ਨਰੀ ਸੋਚ ਦੀਆਂ ਧਾਰਨੀ ਸ਼ਖਸੀਅਤਾਂ ਦੀ ਥਾਂ ਸਿਆਸੀ ਮਨਸੂਬਿਆਂ ਵਾਲਿਆਂ ਨੂੰ ਚੁਣ ਕੇ ਭੇਜਦੇ ਹਨ ਤਾਂ ਸ੍ਰੀ ਅਕਾਲ ਤਖ਼ਤ ਅਤੇ ਸ਼੍ਰੋਮਣੀ ਕਮੇਟੀ ਵਿੱਚੋਂ "ਸ਼੍ਰੋਮਣੀ ਕੌਣ" ਦਾ ਮੁੱਦਾ ਬਣਨਾ ਹੀ ਬਣਨਾ ਹੈ। ਨਤੀਜੇ ਵਜੋਂ ਸਿੱਖੀ ਦੇ ਪ੍ਰਚਾਰ ਦੀ ਥਾਂ ਕਿਸੇ ਵੀ ਇਧਰ-ਉਧਰ ਦੀਆਂ ਘਟਨਾਵਾਂ ਉਤੇ ਗੁਰਬਾਣੀ ਅਤੇ ਸਿੱਖ ਇਤਿਹਾਸਕ ਪ੍ਰੰਪਰਾਵਾਂ ਤੋਂ ਹਟਵੀਆਂ ਜਥੇਦਾਰਾਂ ਦੀਆਂ ਟਿੱਪਣੀਆਂ, ਦਖ਼ਲ-ਅੰਦਾਜ਼ੀਆਂ ਅਤੇ ਫੈਸਲੇ ਸਾਹਮਣੇ ਆਉਣੀਆਂ ਹੀ ਆਉਣੀਆਂ ਹਨ। ਸ਼੍ਰੋਮਣੀ ਕਮੇਟੀ ਦੀ ਸੰਸਥਾ ਹੁਣ ਅਡੋਲ ਨਹੀਂ, ਇਸ ਦੇ ਉਲਟ ਅਸੁਰੱਖਿਅਤ ਮਹਿਸੂਸ ਕਰਦੀ ਹੈ, ਜੋ ਕਮਜ਼ੋਰੀ ਦਾ ਸਿੱਟਾ ਹੈ।

ਸਿੱਖ ਪ੍ਰਚਾਰਕ, ਗਰੰਥੀ ਅਤੇ ਕੀਰਤਨ ਲਈ ਰਾਗੀ ਤਿਆਰ ਕਰਨ ਲਈ ਕੋਈ ਕੇਂਦਰੀ ਸੰਸਥਾਨ ਹੋਣਾ ਚਾਹੀਦਾ ਹੈ ਜਿਨ੍ਹਾਂ ਦੇ ਬੋਲਾਂ ਵਿੱਚ ਮਿਥਿਹਾਸ ਦੀ ਥਾਂ ਇਤਿਹਾਸ ਸੁਣਾਈ ਦ

31-MAY-PAGE-5.qxd 5/30/2023 10:12 PM Page 1

ਕਿਸਾਨਾਂ-ਮਜ਼ਦੂਰਾਂ ਵੱਲੋਂ ਨਹਿਰੀ ਵਿਭਾਗ ਦੇ ਦਫਤਰ ਅੱਗੇ ਤਿੰਨ ਦਿਨਾ ਪੱਕਾ ਮੋਰਚਾ

ਸਾਰੀ ਵਾਹੀਯੋਗ ਜ਼ਮੀਨ ਨੂੰ ਨਹਿਰੀ ਪਾਣੀ ਦੇਣ ਤੇ ਪਾਣੀ ਨੂੰ ਪ੍ਰਦੂਸ਼ਤ ਕਰ ਰਹੀਆਂ ਫੈਕਟਰੀਆਂ ਖਿਲਾਫ ਸਖਤ ਕਾਰਵਾਈ ਦੀ ਮੰਗ

ਦਿੜ੍ਹਬਾ (ਜਸਵੀਰ ਲਾਡੀ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਵੱਲੋਂ ਤਾਲਮੇਲਵੇਂ ਰੂਪ ਵਿੱਚ ਸੈਂਕੜੇ ਕਿਸਾਨਾਂ, ਮਜ਼ਦੂਰਾਂ, ਬੀਬੀਆਂ, ਨੌਜਵਾਨਾਂ ਵੱਲੋਂ ਨਹਿਰੀ ਵਿਭਾਗ ਦੇ ਐਕਸੀਅਨ ਦੇ ਦਫਤਰ ਪਟਿਆਲਾ ਜ਼ਿਲ੍ਹਾ ਪਟਿਆਲਾ ਅੱਗੇ ਤਿੰਨ ਦਿਨਾਂ ਪੱਕਾ ਮੋਰਚਾ ਲਾ ਕੇ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਤੇ ਪੰਜਾਬ ਦੇ ਖਤਮ ਹੋ ਰਹੇ ਤੇ ਗੰਦੇ ਹੋ ਰਹੇ ਪਾਣੀ ਨੂੰ ਬਚਾਉਣ ਲਈ ਤੇ ਸਾਰੀ ਵਾਹੀਯੋਗ ਜ਼ਮੀਨ ਨੂੰ ਨਹਿਰੀ ਪਾਣੀ ਦੇਣ ਦੀ ਦੇਣ ਦੀ ਕੀਤੀ ਮੰਗ।

ਧਰਨੇ ਨੂੰ ਸੰਬੋਧਨ ਕਰਦਿਆਂ ਸੂਬਾਈ ਆਗੂ ਦਿਲਬਾਗ ਸਿੰਘ ਹਰੀਗੜ੍ਹ, ਗੁਰਦੇਵ ਸਿੰਘ ਗੱਜੂਮਾਜਰਾ, ਕਰਨੈਲ ਸਿੰਘ ਲੰਗ ਤੇ ਦਵਿੰਦਰ ਕੌਰ ਹਰਦਾਸਪੁਰ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਬਦਲ ਬਦਲ ਕੇ ਆਈਆਂ ਸਰਕਾਰਾਂ ਨੇ ਪਾਣੀ ਦੇ ਮਸਲੇ ਦਾ ਕੋਈ ਹੱਲ ਨਹੀਂ ਕੱਢਿਆ ਤੇ ਬਿਨਾਂ ਰਿਕਵਰੀ ਕਿਤੇ ਦਿੱਤੇ ਫਰੀ ਵਿੱਚ ਪੰਜਾਬ ਦਾ ਪਾਣੀ ਲੁੱਟਿਆ ਜਾ ਰਿਹਾ ਹੈ, ਜਿਸ ਕਰਕੇ ਅੱਜ ਪੰਜਾਬ ਰੇਗਿਸਤਾਨ ਬਣਨ ਵਾਲੇ ਪਾਸੇ ਜਾ ਰਿਹਾ ਹੈ। ਕਿਸਾਨ ਆਗੂਆਂ ਨੇ 7.8 ਮਿਲੀਅਨ ਏਕੜ ਫੁੱਟ ਪਾਣੀ ਖੁਰਦ ਬੁਰਦ ਕਰਨ, 590 ਸਨਅਤਾਂ ਇਕਾਈਆਂ ਵੱਲੋਂ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਨਿਯਮਾਂ ਦੀਆਂ ਧੱਜੀਆਂ ਉਡਾ ਕੇ ਧਰਤੀ ਹੇਠਲਾ ਪਾਣੀ ਪ੍ਰਦੂਸ਼ਤ ਕੀਤਾ ਜਾ ਰਿਹਾ ਹੈ, ਦਰਿਆਵਾਂ, ਨਹਿਰਾਂ, ਡਰੇਨਾਂ, ਸੇਮ ਨਾਲਿਆਂ ਵਿੱਚ ਪ੍ਰਦੂਸ਼ਤ ਪਾਣੀ ਪਾਇਆ ਜਾ ਰਿਹਾ ਹੈ। ਸਾਰੇ ਪੰਜਾਬ ਦਾ ਪਾਣੀ ਜ਼ਹਿਰੀ ਹੋ ਜਾਣ ਨਾਲ ਮਨੁੱਖਤਾ, ਜੀਵ ਜੰਤੂਆਂ ਬਨਸਪਤੀ ਦੀ ਹੋਂਦ ਨੂੰ ਖਤਰਾ ਪੈਦਾ ਹੋ ਚੁੱਕਾ ਹੈ। ਭਿਆਨਕ ਬੀਮਾਰੀਆਂ ਨੇ ਸਾਰੇ ਪੰਜਾਬ ਵਾਸੀਆਂ ਨੂੰ ਲਪੇਟੇ ਵਿੱਚ ਲੈ ਲਿਆ ਹੈ, ਇਸ ਵਰਤਾਰੇ ਦਾ ਜ਼ਿੰਮੇਵਾਰ ਲੁਟੇਰਾ ਰਾਜ ਪ੍ਰਬੰਧ, ਭ੍ਰਿਸ਼ਟ ਨੇਤਾ, ਅਫਸਰਸ਼ਾਹੀ ਤੇ ਕਾਰਪੋਰੇਟ ਪੱਖੀ ਵਿਕਾਸ ਮਾਡਲ ਹੈ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਪੰਜਾਬ ਦੀ ਸਾਰੀ ਵਾਹੀਯੋਗ ਜ਼ਮੀਨ ਨੂੰ ਨਹਿਰੀ ਪਾਣੀ ਦੇਣ ਲਈ ਨਵੇਂ ਸੂਏ, ਨਹਿਰਾਂ, ਖਾਲ, ਰਜਬਾਹੇ ਕੱਢੇ ਜਾਣ। ਅੰਡਰ ਗਰਾਊਂਡ ਪਾਇਪਾਂ ਪਾਈਆਂ ਜਾਣ, ਵਿਸ਼ਵ ਬੈਂਕਾਂ ਦੀਆਂ ਹਦਾਇਤਾਂ 'ਤੇ ਨਹਿਰੀ ਪ੍ਰੋਜੈਕਟ ਲਾਉਣ ਦਾ ਕੰਮ ਬੰਦ ਕੀਤਾ ਜਾਵੇ। ਹਰ ਘਰ ਨੂੰ ਸਾਫ ਪਾਣੀ ਪਹੁੰਚਣ ਦਾ ਕੰਮ ਜਲ ਸਪਲਾਈ ਮਹਿਕਮੇ ਨੂੰ ਦਿੱਤਾ ਜਾਵੇ, ਸੀਵਰੇਜ ਤੇ ਸਨਅਤਾਂ ਇਕਾਈਆਂ ਦਾ ਪਾਣੀ ਟਰੀਟਮੈਂਟ ਕਰਕੇ ਖੇਤਾਂ ਨੂੰ ਲਾਇਆ ਜਾਵੇ, ਰਿਪੇਰੀਅਨ ਕਾਨੂੰਨ ਲਾਗੂ ਕੀਤਾ ਜਾਵੇ, ਰਸਾਇਣਕ ਖੇਤੀ ਮਾਡਲ ਰੱਦ ਕਰਕੇ ਕੁਦਰਤੀ ਖੇਤੀ ਅਪਣਾਈ ਜਾਵੇ ਤੇ ਝੋਨੇ ਦੀ ਫਸਲ ਦੀ ਥਾਂ ਉਤੇ ਮੱਕੀ, ਤੇਲ, ਦਾਲਾਂ ਆਦਿ ਦੀ ਬਿਜਾਈ ਕਰਵਾਈ ਜਾਵੇ ਤੇ ਪੰਜਾਬ ਵਿੱਚ ਬੀਜੀਆਂ ਜਾਣ ਵਾਲੀਆਂ ਸਾਰੀਆਂ ਫਸਲਾਂ ਦੀ ਖਰੀਦ ਦੀ ਗਾਰੰਟੀ ਦਾ ਕਾਨੂੰਨ ਬਣਾਇਆ ਜਾਵੇ। ਇਸ ਮੌਕੇ ਗਮਦੂਰ ਸਿੰਘ ਬਾਬਰਪੁਰ, ਬਲਕਾਰ ਸਿੰਘ ਤਰੋੜਾ ਖੁਰਦ, ਗੁਰਵਿੰਦਰ ਸਿੰਘ ਸਦਰਪੁਰ, ਜਸਵੰਤ ਸਿੰਘ ਸਦਰਪੁਰ, ਦਿਲਬਾਗ ਸਿੰਘ ਫਤਿਹਪੁਰ, ਚਮਕੌਰ ਸਿੰਘ ਘਨੁੰੜਕੀ, ਤੇਜਿੰਦਰ ਸਿੰਘ ਰਾਜਗੜ੍ਹ, ਜੋਰਾ ਸਿੰਘ ਭੂਤਗੜ੍ਹ, ਲਾਲਵਿੰਦਰ ਸਿੰਘ ਬਿਸ਼ਨਪੁਰਾ, ਕੁਲਦੀਪ ਸਿੰਘ ਸੁਰਾਜਪੁਰ, ਜਸਮੇਲ ਸਿੰਘ ਤੂੰਗਾ, ਕਰਮਜੀਤ ਸਿੰਘ ਬੌੜਾ ਕਲਾਂ, ਜਤਿੰਦਰਪਾਲ ਸਿੰਘ ਤੂੰਗਾ, ਚਮਕੌਰ ਸਿੰਘ ਭੇਡਪੁਰਾ, ਯਾਦਵਿੰਦਰ ਸਿੰਘ ਬੂਰੜ, ਚਰਨਜੀਤ ਸਿੰਘ ਨੰਦਪੁਰ ਕੇਸੋ, ਗੁਰਵਿੰਦਰ ਸਿੰਘ ਬੀਬੀਪੁਰ, ਮਨਦੀਪ ਸਿੰਘ ਭੂਤਗੜ੍ਹ, ਪਰਮਜੀਤ ਸਿੰਘ ਹਰਦਾਸਪੁਰ, ਹਰਬੰਸ ਸਿੰਘ ਬਾਰਨ, ਜਸਵੀਰ ਕੌਰ ਤਰੌੜਾ ਕਲਾਂ, ਗੁਰਦੇਵ ਕੌਰ ਭੇਡਪੁਰਾ, ਹਰਜਿੰਦਰ ਕੌਰ ਨਿਆਲ ਆਦਿ ਹਾਜ਼ਰ ਸਨ।

ਕਿਸਾਨਾਂ ਨੇ ਬਾਦਲ ਪਰਵਾਰ ਦੇ ਘਰ ਅੱਗੇ ਚਿਤਾਵਨੀ ਪੱਤਰ ਚਿਪਕਾਇਆ

ਮਲੋਟ/ਬਾਦਲ (ਗੁਰਮੀਤ ਸਿੰਘ ਮੱਕੜ)

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਗਰੁੱਪ ਵੱਲੋਂ ਪਿੰਡ ਬਾਦਲ ਵਿਖੇ ਸੁਖਬੀਰ ਸਿੰਘ ਬਾਦਲ ਤੇ ਹਰਸਿਮਰਤ ਕੌਰ ਬਾਦਲ ਮੈਂਬਰ ਪਾਰਲੀਮੈਂਟ ਨੂੰ ਚਿਤਾਵਨੀ ਪੱਤਰ ਦੇਣ ਲਈ ਬਾਦਲ ਪਹੁੰਚੇ, ਪ੍ਰੰਤੂ ਮੈਂਬਰ ਪਾਰਲੀਮੈਂਟ ਘਰ ਵਿੱਚ ਨਾ ਹੋਣ ਕਰਕੇ ਕਿਸਾਨਾਂ ਨੇ ਆਪਣਾ ਚਿਤਾਵਨੀ ਤੇ ਮੰਗ ਪੱਤਰ ਘਰ ਦੇ ਅੱਗੇ ਚਿਪਕਾ ਦਿੱਤਾ। ਪਿੰਡ ਬਾਦਲ ਵਿਖੇ ਆਪਣਾ ਚਿਤਾਵਨੀ ਪੱਤਰ ਦੇਣ ਆਏ ਕਿਸਾਨ ਆਗੂਆਂ ਨੇ ਕਿਹਾ ਕਿ ਚੁਣੇ ਹੋਏ ਮੈਂਬਰ ਪਾਰਲੀਮੈਂਟਾਂ ਨੂੰ ਆਪਣਾ ਮੰਗ ਪੱਤਰ ਦੇ ਰਹੇ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਉਨ੍ਹਾਂ ਦੀ ਮੰਗ ਹੈ ਕਿ ਦਿੱਲੀ ਦੇ ਕਿਸਾਨ ਅੰਦੋਲਨ ਮੌਕੇ ਰਹਿੰਦੀਆਂ ਮੰਗਾਂ, ਜਿਸ ਵਿੱਚ ਸਾਰੀਆਂ ਫਸਲਾਂ ਦੇ ਐੱਮ.ਐੱਸ.ਪੀ., ਫਸਲਾਂ ਦਾ ਬੀਮਾ, ਕਿਸਾਨ ਭਰਾਵਾਂ ਭੈਣਾਂ ਨੂੰ ਦਸ ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੀ ਮੰਗ ਕੀਤੀ ਜਾ ਰਹੀ ਹੈ। ਆਗੂਆਂ ਨੇ ਮੰਗ ਕੀਤੀ ਕਿ ਲਖਮੀਰਪੁਰ ਵਿੱਚ ਸ਼ਾਮਲ ਰਾਜ ਗ੍ਰਹਿ ਮੰਤਰੀ ਨੂੰ ਗ੍ਰਿਫਤਾਰ ਕੀਤਾ ਜਾਵੇ, ਜਿਨ੍ਹਾਂ ਕਿਸਾਨਾਂ ਤੇ ਪੁਲਸ ਮਾਮਲੇ ਅਜੇ ਤੱਕ ਵਾਪਸ ਨਹੀਂ ਲਏ ਉਨ੍ਹਾਂ ਕਿਸਾਨਾਂ 'ਤੇ ਮਾਮਲੇ ਵਾਪਸ ਲਏ ਜਾਣ, ਅੰਦੋਲਨ ਵਿੱਚ ਸ਼ਹੀਦ ਹੋਏ ਪਰਿਵਾਰਾਂ ਨੂੰ ਮੁਆਵਜ਼ਾ ਤੇ ਨੌਕਰੀ ਦਿੱਤੀ ਜਾਵੇ ਅਤੇ ਇਸੇ ਤਰ੍ਹਾਂ ਉਨ੍ਹਾਂ ਨੇ ਹੋਰ ਮੰਗਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਆਪਣੀਆਂ ਮੰਗਾਂ ਸਬੰਧੀ ਮੈਂਬਰ ਪਾਰਲੀਮੈਂਟਾਂ ਨੂੰ ਚਿਤਾਵਨੀ ਦੇ ਰਹੇ ਹਨ ਕਿ ਉਨ੍ਹਾਂ ਦੀਆਂ ਮੰਗਾਂ ਨੂੰ ਸੰਸਦ ਵਿੱਚ ਉਠਾਇਆ ਜਾਵੇ ਅਤੇ ਆਪਣੀਆਂ ਪਾਰਟੀਆਂ ਦੇ ਚੋਣ ਮੈਨੀਫੈਸਟੋ ਦਾ ਹਿੱਸਾ ਬਣਾਉਣ। ਭਾਰਤੀ ਕਿਸਾਨ ਯੂਨੀਅਨ ਦੇ ਗਰੁੱਪਾਂ ਵੱਲੋਂ 26 ਮਈ ਤੋਂ ਲੈ ਕੇ 31 ਮਈ ਤੱਕ ਮੈਂਬਰ ਪਾਰਲੀਮੈਂਟਾਂ ਨੂੰ ਚਿਤਾਵਨੀ ਪੱਤਰ ਦਿੱਤੇ ਜਾ ਰਹੇ ਹਨ, ਜੋ ਕਿ ਏਕਤਾ ਉਗਰਾਹਾਂ ਗਰੁੱਪ ਵੱਲੋਂ ਸੁਖਬੀਰ ਸਿੰਘ ਬਾਦਲ ਤੇ ਹਰਸਿਮਰਤ ਕੌਰ ਬਾਦਲ ਨੂੰ ਇਹ ਚਿਤਾਵਨੀ ਪੱਤਰ ਦੇਣੇ ਸਨ, ਪ੍ਰੰਤੂ ਉਹ ਘਰ ਵਿੱਚ ਨਾ ਹੋਣ ਕਰਕੇ ਇਹ ਪੱਤਰ ਉਨ੍ਹਾਂ ਦੇ ਘਰ ਅੱਗੇ ਚਿਪਕਾ ਦਿੱਤਾ ਹੈ।

ਲਾਡੀ ਢੋਸ ਦੀ ਅਗਵਾਈ 'ਚ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹੇ ਜਾ ਰਹੇ ਹਨ ਵਿਕਾਸ ਕਾਰਜ : ਰਾਜਪੂਤ, ਪੂਰਬਾ

ਕੋਟ ਈਸੇ ਖਾਂ (ਅਰੋੜਾ)-ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦੀ ਅਗਵਾਈ ਹੇਠ ਸ਼ਹਿਰ ਅੰਦਰ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਤੇ ਜੋ ਵਿਕਾਸ ਕਾਰਜਾਂ ਦੇ ਕੰਮ ਚੱਲ ਰਹੇ ਹਨ, ਉਨ੍ਹਾਂ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਰਿਹਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਨਗਰ ਪੰਚਾਇਤ ਦੇ ਪ੍ਰਧਾਨ ਛਿੰਦਰਪਾਲ ਕੌਰ ਦੇ ਪਤੀ ਤੇ ਆਪ ਆਗੂ ਪ੍ਰਕਾਸ਼ ਸਿੰਘ ਰਾਜਪੂਤ ਅਤੇ ਵਾਰਡ ਨੰ. 13 ਦੇ ਕੌਂਸਲਰ ਸੁੱਚਾ ਸਿੰਘ ਪੂਰਬਾ ਨੇ ਅੰਮ੍ਰਿਤਸਰ ਰੋਡ 'ਤੇ ਸਥਿਤ ਵਿਸ਼ਕਰਮਾ ਗੁਰਦੁਆਰਾ ਦੇ ਸਾਹਮਣੇ ਵਾਲੀ ਗਲੀ 'ਚ ਇੰਟਰਲਾਕ ਟਾਇਲਾਂ ਦਾ ਕੰਮ ਪੂਰਾ ਹੋਣ 'ਤੇ ਪ੍ਰੈੱਸ ਨਾਲ ਸਾਂਝਾ ਕੀਤਾ। ਆਗੂਆਂ ਨੇ ਕਿਹਾ ਕਿ ਇਸ ਗਲੀ ਦੀ ਹਾਲਤ ਬਹੁਤ ਖਸਤਾ ਹੋ ਚੁੱਕੀ ਸੀ ਤੇ ਮੁਹੱਲਾ ਵਾਸੀਆਂ ਦੀ ਮੰਗ ਸੀ ਕਿ ਇਸ ਗਲੀ 'ਚ ਇੰਟਰਲਾਕ ਟਾਈਲਾਂ ਲਗਾਈਆਂ ਜਾਣ, ਜਿਸ ਤੋਂ ਬਾਅਦ ਉਨ੍ਹਾਂ ਦੀ ਮੁਸ਼ਕਲ ਨੂੰ ਦੇਖਦੇ ਹੋਏ ਇਸ ਗਲੀ ਵਿੱਚ ਇੰਟਰਲਾਕ ਟਾਈਲਾਂ ਲਗਾਈਆਂ ਗਈਆਂ ਹਨ ਅਤੇ ਹੁਣ ਮੁਹੱਲਾ ਵਾਸੀਆਂ ਨੂੰ ਕੋਈ ਮੁਸ਼ਕਲ ਨਹੀਂ ਆਵੇਗੀ। ਆਗੂਆਂ ਨੇ ਕਿਹਾ ਕਿ ਹਲਕਾ ਵਿਧਾਇਕ ਲਾਡੀ ਢੋਸ ਹਲਕਾ ਵਾਸੀਆਂ ਨਾਲ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰ ਰਹੇ ਹਨ ਤੇ ਵਿਧਾਇਕ ਲਾਡੀ ਢੋਸ ਦੀ ਅਗਵਾਈ ਹੇਠ ਸ਼ਹਿਰ ਵਾਸੀਆਂ ਨੂੰ ਕੋਈ ਮੁਸ਼ਕਲ ਨਹੀਂ ਆਵੇਗੀ ਤੇ ਸ਼ਹਿਰ ਦੇ ਰਹਿੰਦੇ ਵਿਕਾਸ ਕਾਰਜਾਂ ਨੂੰ ਵੀ ਜਲਦ ਪੂਰਾ ਕੀਤਾ ਜਾਵੇਗਾ। ਇਸ ਮੌਕੇ ਜੇ ਈ ਸੁਨੀਲ ਸਿਆਲ, ਮਦਨ ਲਾਲ ਸੀਕਰੀ, ਮਨਜੀਤ ਸਿੰਘ ਸਿੱਧੂ, ਕਾਕਾ ਟੈਲੀਕੌਮ ਤੋਂ ਇਲਾਵਾ ਹੋਰ ਹਾਜ਼ਰ ਸਨ।

ਇੰਟਰਲਾਕ ਟਾਈਲਾਂ ਦਾ ਕੰਮ ਪੂਰਾ ਹੋਣ 'ਤੇ ਜਾਣਕਾਰੀ ਦਿੰਦੇ ਹੋਏ ਪਤਵੰਤੇ।

ਕਾਤਰਾਂ

ਆਪ ਆਗੂ ਜੱਸੀ ਸੇਖੋਂ ਨੇ ਵਿਦਿਆਰਥੀਆਂ ਨੂੰ ਕਿੱਟਾਂ ਵੰਡੀਆਂ

ਧੂਰੀ (ਸੁਖਦੇਵ ਧੂਰੀ)-ਧੂਰੀ ਹਲਕੇ ਦੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਜਸਵੀਰ ਸਿੰਘ ਜੱਸੀ ਸੇਖੋਂ ਨੇ ਪਿੰਡ ਪੁੰਨਾਵਾਲ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੁੰਨਾਵਾਲ ਵਿਖੇ ਸਕੂਲੀ ਬੱਚਿਆਂ ਨੂੰ ਸਪੋਰਟਸ ਕਿੱਟਾਂ ਵੰਡੀਆਂ। ਇਸ ਮੌਕੇ ਆਪ ਆਗੂ ਜਸਵੀਰ ਸਿੰਘ ਜੱਸੀ ਸੇਖੋਂ ਨੇ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਪੰਜਾਬ ਦੇ ਹਰ ਵਰਗ ਦੇ ਲੋਕਾਂ ਲਈ ਵੱਖ ਵੱਖ ਸਹੂਲਤਾਂ ਮੁਹੱਈਆ ਕਰਵਾ ਰਹੀ ਹੈ। ਉਨ੍ਹਾ ਕਿਹਾ ਕਿ ਮਾਨ ਸਰਕਾਰ ਦਾ ਮੁੱਖ ਉਪਰਾਲਾ ਪੰਜਾਬ ਵਿੱਚ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣਾ ਹੈ, ਜਿਸ ਤਹਿਤ ਹੁਣ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਜਾ ਰਹੀ ਹੈ, ਜਿਸ ਤਹਿਤ ਹੁਣ ਪੰਜਾਬ ਦੇ ਲੋਕ ਪ੍ਰਾਈਵੇਟ ਸਕੂਲਾਂ ਨੂੰ ਛੱਡ ਕੇ ਸਰਕਾਰੀ ਸਕੂਲਾਂ 'ਚ ਆਪਣੇ ਬੱਚਿਆਂ ਦੇ ਦਾਖਲੇ ਕਰਵਾ ਰਹੇ ਹਨ, ਜਿਸ ਲੜੀ ਤਹਿਤ ਇਸ ਵਾਰ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ ਵਧੇ ਹਨ। ਇਸ ਮੌਕੇ ਕਿਸਾਨ ਆਗੂ ਨਾਜਮ ਸਿੰਘ ਪੁੰਨਾਵਾਲ, ਪੁਨੀਤ, ਲਖਵਿੰਦਰ ਸਿੰਘ, ਗੁਰਦੇਵ ਸਿੰਘ, ਆਸ਼ੂ, ਹਰਪ੍ਰੀਤ ਸਿੰਘ ਮੀਮਸਾ, ਸਰਬਜੀਤ ਸਿੰਘ ਰਾਜੋਮਾਜਰਾ ਸਮੇਤ ਸਮੂਹ ਸਕੂਲ ਸਟਾਫ ਹਾਜ਼ਰ ਸਨ।

ਡਾ: ਗੁਰਨਿੰਦਰ ਸਿੰਘ ਦਾ ਦਿਹਾਂਤ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਮਾਲਵਾ ਹਸਪਤਾਲ ਮਹਿਲ ਕਲਾਂ ਦੇ ਮਾਲਕ ਡਾ: ਗੁਰਨਿੰਦਰ ਸਿੰਘ ਦਾ ਲੁਧਿਆਣਾ ਦੇ ਓਰੀਸਨ ਹਸਪਤਾਲ 'ਚ ਦਿਹਾਂਤ ਹੋ ਗਿਆ। ਜਾਣਕਾਰੀ ਅਨੁਸਾਰ ਬੀਤੇ ਕਈ ਦਿਨਾਂ ਤੋਂ ਡਾ: ਗੁਰਨਿੰਦਰ ਸਿੰਘ ਮਾਲਵਾ ਦੀ ਹਾਲਤ ਬੇਹੱਦ ਨਾਜ਼ੁਕ ਹੋਣ ਕਰਕੇ ਉਨ੍ਹਾਂ ਨੂੰ ਵੈਂਟੀਲੇਟਰ 'ਤੇ ਰੱਖਿਆ ਹੋਇਆ ਸੀ। ਮਾਹਰ ਡਾਕਟਰ ਗੁਰਨਿੰਦਰ ਸਿੰਘ ਵੱਲੋਂ ਸੰਨ 2005 'ਚ ਕਸਬਾ ਮਹਿਲ ਕਲਾਂ ਵਿਖੇ ਮਾਲਵਾ ਹਸਪਤਾਲ ਸ਼ੁਰੂ ਕੀਤਾ ਗਿਆ। ਉਦੋਂ ਤੋਂ ਲੈ ਕੇ ਇਲਾਕੇ ਲੋਕਾਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਆਧੁਨਿਕ ਸੇਵਾਵਾਂ ਦੇ ਸਦਕਾ ਇਲਾਕੇ ਦੇ ਲੋਕਾਂ 'ਚ ਉਨ੍ਹਾਂ ਦਾ ਵੱਡਾ ਸਤਿਕਾਰ ਹੈ। ਡਾ: ਮਾਲਵਾ ਦੇ ਸ਼ੁੱਭ-ਚਿੰਤਕਾਂ ਵੱਲੋਂ ਉਨ੍ਹਾਂ ਦੇ ਅਚਾਨਕ ਦੁਖਦਾਈ ਵਿਛੋੜੇ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਜਾ ਰਿਹਾ ਹੈ।

ਸ਼ੁਭ ਸੰਕੀਰਤਨ ਅੱਜ

ਭੀਖੀ (ਧਰਮਵੀਰ ਸ਼ਰਮਾ)-ਹਾਰੇ ਕਾ ਸਹਾਰਾ ਵੈੱਲਫੇਅਰ ਕਮੇਟੀ ਭੀਖੀ ਵੱਲੋਂ ਇਕਾਦਸ਼ੀ ਦੇ ਸ਼ੁੱਭ ਮੌਕੇ ਬਾਬਾ ਖਾਟੂ ਸ਼ਿਆਮ ਜੀ ਦਾ ਸ਼ੁਭ ਸੰਕੀਰਤਨ 31 ਮਈ ਨੂੰ ਸ਼੍ਰੀ ਰਾਮ ਲੀਲਾ ਮੈਦਾਨ ਪੁਰਾਣਾ ਬਾਜ਼ਾਰ ਵਿਖੇ ਰਾਤ 8 ਵਜੇ ਤੋਂ ਪ੍ਰਭੂ ਇੱਛਾ ਤੱਕ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਮੇਟੀ ਆਗੂ ਰਜਨੀਸ਼ ਸ਼ਰਮਾ ਕਾਲਾ ਤੇ ਬਲਰਾਜ ਬਾਂਸਲ ਨੇ ਦੱਸਿਆ ਕਿ ਇਸ ਮੌਕੇ ਸ਼੍ਰੀ ਖਾਟੂ ਸ਼ਿਆਮ ਬਾਬਾ ਜੀ ਦੀ ਪੂਜਾ ਦੀ ਰਸਮ ਰਾਜੇਸ਼ ਕੁਮਾਰ ਜਿੰਦਲ ਵੱਲੋਂ ਅਦਾ ਕੀਤੀ ਜਾਵੇਗੀ ਤੇ ਝੰਡਾ ਲਹਿਰਾਉਣ ਦੀ ਰਸਮ ਡੇਰਾ ਬਾਬਾ ਰੱਬ ਲੋਕ ਦੇ ਮੁਖੀ ਬਾਬਾ ਸੁਖਰਾਜ ਦਾਸ (ਰਾਜ) ਤੇ ਪ੍ਰਿਤਪਾਲ ਸ਼ਰਮਾ ਵੱਲੋਂ ਕੀਤੀ ਜਾਵੇਗੀ।

ਝਾੜ ਸਾਹਿਬ ਕਾਲਜ 'ਚ ਵਿਦਿਆਰਥਣਾਂ ਦਾ ਕਿੱਤਾ-ਮੁਖੀ ਕਰੈਸ਼ ਕੋਰਸ ਸੰਪਨ

ਸਮਰਾਲਾ (ਸੁਰਜੀਤ ਸਿੰਘ)

ਕਾਲਜ ਵਿਦਿਆਰਥਣਾਂ ਨੂੰ ਅਕਾਦਮਿਕ ਸਿਲੇਬਸ ਦੀ ਪੜ੍ਹਾਈ ਤੋਂ ਇਲਾਵਾ ਰੋਜ਼ਗਾਰ ਮੁਖੀ ਸਕੀਮਾਂ ਰਾਹੀਂ ਆਤਮ ਨਿਰਭਰ ਬਣਾਉਣ ਲਈ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਨੇ ਕਾਲਜ ਵਿੱਚ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਨਿਰਦੇਸ਼ਨਾਂ ਹੇਠ ਵੱਖ ਵੱਖ ਵਿਸ਼ਿਆਂ ਨਾਲ ਸਬੰਧਤ ਕਿੱਤਾਮੁਖੀ ਕਰੈਸ਼ ਕੋਰਸਾਂ ਦਾ ਇੱਕ ਮਹੀਨੇ ਪ੍ਰੋਗਰਾਮ ਸਫਲਤਾ ਪੂਰਵਕ ਸੰਪੰਨ ਕੀਤਾ। ਇਸ ਤਹਿਤ ਇੰਗਲਿਸ਼ ਸਪੀਕਿੰਗ, ਕੰਪਿਊਟਰ ਬੇਸਿਕ, ਫੈਸ਼ਨ ਡਿਜ਼ਾਇਨਿੰਗ, ਵੱਖ ਵੱਖ ਤਰ੍ਹਾਂ ਦੀ ਕਢਾਈ, ਕੂਕਿੰਗ ਤੇ ਸੰਗੀਤ ਨਾਲ ਸਬੰਧਤ ਕੋਰਸ ਕਰਵਾਏ ਗਏ। ਇਨ੍ਹਾਂ ਕੋਰਸਾਂ ਵਿੱਚ ਇਲਾਕੇ ਦੀਆਂ ਲੜਕੀਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਇਨ੍ਹਾਂ ਕੋਰਸਾਂ ਨੂੰ ਕੋ-ਆਰਡੀਨੇਟ ਡਾ. ਰਣਜੀਤ ਕੌਰ ਦੀ ਅਗਵਾਈ ਹੇਠ ਤੇ ਡਾ. ਅਮਨਪ੍ਰੀਤ ਕੌਰ ਕੰਗ, ਨਵਦੀਪ ਕੌਰ, ਹਰਪ੍ਰੀਤ ਕੌਰ, ਸੁਖਨ

page-6-31-(MAY)-2023-G-(BV).qxd 5/30/2023 10:15 PM Page 1

ਡਾ: ਕੁੰਵਰ ਵਿਜੈ ਪ੍ਰਤਾਪ ਸਿੰਘ ਵੱਲੋਂ ਰਿਆੜਕੀ ਕਾਲਜ ਤੁਗਲਵਾਲਾ ਦਾ ਵਿਸ਼ੇਸ਼ ਦੌਰਾ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਦੇ ਵਿਦਿਆਰਥੀ ਹਮੇਸ਼ਾ ਮਾਣ ਨਾਲ ਕਹਿੰਦੇ ਹਨ ਕਿ ਉਹ ਜੋ ਵੀ ਹਨ, ਜੋ ਵੀ ਹੋਣ ਆਸ ਦੀ ਕਰਦੇ ਹਨ ਉਹ ਮਹਾਨ ਵਿਦਵਾਨ, ਵਿਚਾਰਵਾਨ ਅਤੇ ਸੂਝਵਾਨ ਵਿਦਵਾਨਾਂ ਦੀ ਸੰਗਤ ਸਦਕਾ ਹਨ ਜੋ ਗਾਹੇ ਬਗਾਹੇ ਆ ਕੇ ਆਪਣੇ ਜੀਵਨ ਦੇ ਤਜਰਬਿਆਂ ਵਿੱਚੋਂ ਵਿਚਾਰਾਂ ਦੀ ਸਾਂਝ ਪਾਉਂਦੇ ਹਨ। ਅੱਜ ਵੀ ਇਸ ਸੰਸਥਾ ਵਿੱਚ ਸੁਲਝੇ, ਮਿਹਨਤੀ , ਇਮਾਨਦਾਰ ਤੇ ਸਾਬਕਾ ਉੱਚ ਪੁਲਸ ਅਧਿਕਾਰੀ (ਆਈਪੀਐਸ), ਐਮ ਐਲ ਏ ਡਾ: ਕੁੰਵਰ ਵਿਜੈ ਪ੍ਰਤਾਪ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਦੇ ਨਾਲ ਅੰਮ੍ਰਿਤਸਰ ਤੋਂ ਪ੍ਰੋ: ਜੋਗਿੰਦਰ ਸਿੰਘ ਸੇਵਾ ਮੁਕਤ ਡੀਨ ਤੇ ਮੁਖੀ ਕਾਮਰਸ ਵਿਭਾਗ ਖਾਲਸਾ ਕਾਲਜ, ਮਾਸਟਰ ਅਜੀਤ ਸਿੰਘ (ਸਾਬਕਾ ਲੈਕਚਰਾਰ) ਮੁੱਖੀ ਸਿਟੀਜ਼ਨ ਫੋਰਮ ਵਿੱਦਿਆ ਮੰਦਰ ਮਕਬੂਲਪੁਰਾ, ਸਿੱਖ ਆਰਕੀਟੈਕਟ ਇੰਦਰਬੀਰ ਸਿੰਘ ਵਾਲੀਆ, ਬਰਿੰਦਰਜੀਤ ਸਿੰਘ ਬੇਦੀ, ਨਰਿੰਦਰਜੀਤ ਸਿੰਘ ਪੱਤਰਕਾਰ ਨਵਾਂ ਜ਼ਮਾਨਾ ਤੇ ਉਨ੍ਹਾਂ ਦੀ ਧਰਮ ਪਤਨੀ ਸੁਰਜੀਤ ਕੌਰ ਅਤੇ ਸਿਟੀਜ਼ਨ ਫੋਰਮ ਵਿੱਦਿਆ ਮੰਦਿਰ ਸਕੂਲ ਮਕਬੂਲਪੁਰਾ ਦੀ ਪ੍ਰਿੰਸੀਪਲ ਮੈਡਮ ਇੰਦਰਜੀਤ ਕੌਰ ਨੇ ਸਟਾਫ ਤੇ ਵਿਦਿਆਰਥੀਆਂ ਸਮੇਤ ਵਿਸ਼ੇਸ਼ ਤੌਰ 'ਤੇ ਸਿਰਕਤ ਕੀਤੀ। ਇਨ੍ਹਾਂ ਮੁੱਖ ਸ਼ਖਸੀਅਤਾਂ ਨੇ ਖਾਲਸਾ ਗਲੋਬਲ ਰੀਚ ਫਾਊਂਡੇਸ਼ਨ ਵਲੋਂ ਕਾਲਜ ਦੀਆਂ ਪਿੱਛਲੇ ਸੈਸ਼ਨ 'ਚੋਂ ਪੁਜ਼ੀਸ਼ਨਾਂ ਪ੍ਰਾਪਤ ਵਿਦਿਆਰਥਣਾਂ ਨੂੰ ਸਨਮਾਨ ਵਜ਼ੋਂ ਮਾਲੀ ਸਹਾਇਤਾ ਭੇਟ ਕੀਤੀ ਗਈ। ਇਸ ਮੌਕੇ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਸੰਬੋਧਿਤ ਹੁੰਦੇ ਹੋਏ ਕਿਹਾ ਕਿ ਵਿਦਿਆਰਥੀਆਂ ਦੇ ਅਚਾਰ-ਵਿਹਾਰ ਵੱਲ ਜਿੰਨਾ ਧਿਆਨ ਇਸ ਸੰਸਥਾ ਵਿੱਚ 'ਚ ਦਿੱਤਾ ਜਾਂਦਾ ਹੈ, ਓਨਾ ਬਾਹਰ ਹੋਰ ਕਿਸੇ ਸੰਸਥਾ 'ਚ ਕਿਧਰੇ ਵੇਖਣ ਨੂੰ ਨਹੀਂ ਮਿਲਦਾ। ਉਨ੍ਹਾਂ ਨੇ ਕਿਹਾ ਉਹ ਵਿਦਿਆਰਥੀਆਂ ਦੇ ਕਿਰਤੀ, ਕਿਰਸੀ, ਮਿਹਨਤੀ ਤੇ ਨਕਲ ਨਾ ਮਾਰਨ ਦੀ ਵਿਸ਼ੇਸ਼ਤਾ ਤੋਂ ਬਹੁਤ ਪ੍ਰਭਾਵਿਤ ਹਨ।

ਉਨ੍ਹਾਂ ਨੇ ਵਿਦਿਆਰਥੀਆ ਨੂੰ ਆਈਏਐਸ, ਆਈਪੀਐਸ ਤੇ ਹੋਰ ਸਿਵਿਲ ਸਰਵਿਸਜ਼ ਦੇ ਇਮਤਿਹਾਨ ਪਾਸ ਕਰਨ ਲਈ ਪ੍ਰੇਰਿਤ ਕੀਤਾ ਤੇ ਕਿਹਾ ਕਿ ਉਨ੍ਹਾਂ ਨੂੰ ਆਸ ਹੈ ਕਿ ਇੱਕ ਦਿਨ ਇਸ ਸੰਸਥਾ ਦੇ ਵਿਦਿਆਰਥੀ ਜ਼ਰੂਰ ਇਸ ਮੁਕਾਮ ਨੂੰ ਹਾਸਲ ਕਰਨਗੇ, ਕਿਉਂਕਿ ਇਥੋਂ ਦੇ ਵਿਦਿਆਰਥੀ ਉੱਚ ਕਿਰਦਾਰ ਤੇ ਨੈਤਿਕ ਕਦਰਾਂ ਕੀਮਤਾਂ ਦੇ ਧਾਰਨੀ ਹਨ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਵਿੱਚ ਮਾਤਾ ਪਿਤਾ ਆਪਣੇ ਬੱਚਿਆਂ ਨੂੰ ਰਾਜਨੀਤੀ ਵਿੱਚ ਦਿਲੋਂ ਨਹੀਂ ਭੇਜਣਾ ਚਾਹੁੰਦੇ, ਜੋ ਬੱਚੇ ਵਿਗੜ ਜਾਂਦੇ ਹਨ ਉਨ੍ਹਾਂ ਨੂੰ ਪੁਲਸ ਵਿੱਚ ਜਾਣ ਜਾਂ ਰਾਜਨੀਤੀ ਵਿੱਚ ਜਾਣ ਲਈ ਆਖਿਆ ਜਾਂਦਾ ਹੈ। ਆਮ ਲੋਕਾਂ ਤੇ ਗਰੀਬ ਜਨਤਾ ਨੂੰ ਇਨਸਾਫ ਕਿਉਂ ਨਹੀਂ ਮਿਲਦਾ, ਕਿਉਂਕਿ ਕੰਮ ਕਰਨ ਦਾ ਤਰੀਕਾ ਠੀਕ ਨਹੀਂ ਹੈ। ਇਸ ਦੀ ਜ਼ਿੰਮੇਵਾਰ ਨਿਆਂ ਪ੍ਰਣਾਲੀ ਦਾ ਸਿਸਟਮ ਹੈ। ਵਿਧਾਇਕ ਕੁੰਵਰ ਨੇ ਕਿਹਾ ਆਚਰਨ ਹੀ ਧਰਮ ਹੈ, ਰਾਜਨੀਤੀ ਵਿੱਚ ਕ੍ਰਾਂਤੀ ਲਿਆਉਣ ਲਈ ਸਹੀ ਆਚਰਨ ਵਾਲੇ ਲੋਕਾਂ ਦਾ ਅੱਗੇ ਆਉਣਾ ਬਹੁਤ ਜ਼ਰੂਰੀ ਹੈ, ਤਾਂ ਹੀ ਸਾਡਾ ਦੇਸ਼ ਤੇ ਸੂਬਾ ਪੰਜਾਬ ਤਰੱਕੀ ਵੱਡ ਵੱਧ ਸਕੇਗਾ। ਉਨ੍ਹਾਂ ਕਿਹਾ ਸਾਨੂੰ ਆਈਏਐਸ ਜਾਂ ਹੋਰ ਕੋਈ ਵੀ ਅਫਸਰ ਬਣ ਕੇ ਮਾਲਕ ਨਹੀਂ ਸਮਝਣਾ ਚਾਹੀਦਾ, ਬਲਕਿ ਸੇਵਾਦਾਰ ਬਣ ਕੇ ਕੰਮ ਕਰਨਾ ਚਾਹੀਦਾ ਹੈ। ਇੰਦਰਬੀਰ ਸਿੰਘ ਵਾਲੀਆ ਨੇ ਸੰਬੋਧਿਤ ਹੁੰਦੇ ਹੋਏ ਕਿਹਾ ਕਿ ਇਥੇ ਆ ਕੇ ਉਨ੍ਹਾਂ ਦੇ ਮਨ ਨੂੰ ਜਿੰਨਾ ਸਕੂਨ ਮਿਲਿਆ ਹੈ ਸਾਇਦ ਕਿਸੇ ਧਾਰਮਿਕ ਅਸਥਾਨ ਤੇ ਜਾ ਕੇ ਵੀ ਨਾ ਮਿਲਦਾ। ਏਥੇ ਆਉਣਾ ਇੱਕ ਧਰਮਿਕ ਯਾਤਰਾ ਸਮਾਨ ਹੈ।

ਮਾਸਟਰ ਅਜੀਤ ਸਿੰਘ ਨੇ ਵਿਦਿਆ ਵਿਚਾਰੀ ਤਾਂ ਪਰਉਪਕਾਰੀ ਦਾ ਉੱਚ ਸੰਕਲਪ ਕਿਹਾ। ਨਰਿੰਦਰਜੀਤ ਸਿੰਘ ਨੇ ਕਿਹਾ ਕਿ ਇਹ ਸੰਸਥਾ ਇਨਸਾਨੀਅਤ ਘੜਨ ਦੀ ਟਕਸਾਲ ਹੈ। ਬਰਿੰਦਰਜੀਤ ਸਿੰਘ ਬੇਦੀ ਨੇ ਸਾਰੇ ਪੰਜਾਬ ਵਿੱਚ ਅਜਿਹੀਆਂ ਵਿਦਿਅਕ ਸੰਸਥਾਵਾਂ ਹੋਣ ਦੀ ਇੱਛਾ ਜ਼ਾਹਰ ਕੀਤੀ। ਇਸ ਮੌਕੇ ਪ੍ਰਿੰਸੀਪਲ ਸਵਰਨ ਸਿੰਘ ਵਿਰਕ ਨੇ ਬੋਰਡ ਤੇ ਯੂਨੀਵਰਸਿਟੀ ਦੇ ਇਮਤਿਹਾਨਾਂ ਵਿੱਚੋਂ 90 ਫੀਸਦੀ ਤੋਂ ਉੱਪਰ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਤੋਂ ਪ੍ਰਣ ਲਿਆ ਕਿ ਉਹ ਅੱਜ ਤੋਂ ਹੀ ਯੂਪੀਐਸਸੀ ਦੇ ਇਮਤਿਹਾਨ ਦੀ ਤਿਆਰੀ ਕਰਨਗੇ ਅਤੇ ਦੇਸ ਤੇ ਸਮਾਜ ਦੀ ਸੁਨੱਖੀ ਸਿਰਜਣਾ ਕਰਨਗੇ। ਅਖੀਰ ਪ੍ਰਿੰਸੀਪਲ ਸਵਰਨ ਸਿੰਘ ਵਿਰਕ, ਗਗਨਦੀਪ ਸਿੰਘ ਵਿਰਕ ਅਤੇ ਸਟੂਡੈਂਟ ਕਮੇਟੀ ਨੇ ਸਾਰੇ ਗੈਸਟ ਸਾਹਿਬਾਨ ਦਾ ਸਿਰੋਪਾਉ, ਸਾਰੇ ਧਰਮਾਂ ਦੇ ਅਨਮੋਲ ਬਚਨ ਦੇ ਸਨਮਾਨ ਪੱਤਰ, ਕਾਲਜ ਦੇ ਔਰਗੈਨਿਕ ਚੌਲਾਂ ਨਾਲ ਸਨਮਾਨਿਤ ਕੀਤਾ।

ਕਲਾਸੀਫਾਈਡ ਇਸ਼ਤਿਹਾਰ

Public Notice

I, Joginder Singh S/o Mohan Singh Mistri R/o H.No. 92 A, Tower Enclave, Phase-1, Kurala, Jalandhar, Punjab declare that my son Bawa Singh is out of my control. I disinherit him from my moveable and immovable properties. I and my family shall not be held responsible for any of his acts, deeds and things. All please note.

I, Balwinder Kaur W/o Late. Jeet Ram R/o H.No. B-5/99, Sai Pur Kalan, Jalandhar declare that my son Amrik & his wife Jaspreet Kaur and his childrens Lisha and Gurleen Kaur are out of my control. I disinherit them from my moveable and immovable properties. I and my family shall not be held responsible for any of their acts deeds and things. All please note.

I, Tarsem Masih S/o Kala Ram R/o Vill. Puranpur, Po. Paras Rampur, Jalandhar, Punjab declare that my son Joyal Masih and his wife Ashu are out of my control. I disinherit them from my movable and immovable properties. I and my family shall not be held responsible for any of their acts deeds and things. All please note.

We, Ishwar Dayal S/o Sodhi Ram and Balbir Kaur W/o Ishwar Dayal R/o H. No.343, Dharampura Abadi, Khambra, Jalandhar declare that our son Rohit Kumar is out of our control. We disinherit him from our moveable and immovable properties. We and our family shall not be held responsible for any of his acts, deeds and things. All please note.

I, Jarnail Singh S/o Joginder Singh R/o Mohalla Ajit Nagar, Industrial Area, Jalandhar declare that my son Sukhwinder Singh is out of my control. I disinherit him from my moveable and immovable properties. I and my family shall not be held responsible for any of his acts, deeds and things. All please note.

Court Notice

In the Court of Mrs. Saru Mehta Kaushik
Addl. Distt. and Sessions Judge, Sangrur.
CNR No.PBSG01-004059-2020
Next Date : 1.8.2023
Sadhu Singh
Versus
Gurdev Kaur
Publication issued to : Hardev Singh Father Saun Singh R/o Vill. Dhandoli Kalan, Teh. Sunam, Distt. Sangrur.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 1.8.2023 at 10.00 a.m.

For details logon to : https://highcourtchd.gov.in/?trs=district notice& district=Sangrur

Addl. Distt. and Sessions Judge, Sangrur.
Dated, this day of 22.5.2023

Court Notice

In the Court of Ms. Anuradha
Addl. Civil Judge (Senior Division), Nabha.
CNR No. PBPTB0-000363-2023
Next Date : 4.7.2023
Rishavdeep Singh
Versus
General Public
Publication issued to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 4.7.2023 at 10.00 a.m.

For details logon to : https://highcourtchd.gov.in/?trs=district notice& district=Patiala

Addl. Civil Judge (Senior Division), Nabha.
Dated, this day of 29.5.2023

Court Notice

In the Court of Sh. Amarjeet Singh
Civil Judge Junior Division, Amritsar.
CNR No.PBAS02-001738-2021
Next Date : 12.7.2023

Bank of Baroda having its head office at Mandvi Baroda having Amongst other branches a branch office a branch office at GNDU branch ASR
Versus
Ranjit Singh S/o Nirmal Singh R/o 107 Vill. Jagdev Kalan, Tehsil Ajnala, Distt. ASR.

Notice to : 1. Ranjit Singh S/o Nirmal Singh R/o 107 Vill. Jagdev Kalan, Tehsil Ajnala, Distt. ASR 2. Amandeep Kaur W/o Ranjit Singh R/o Vill. Jagdev Kalan, Tehsil Ajnala, Distt. ASR

In the above noted petition the respondent could not be served. It is ordered that respondent should appear in person or through counsel on 12.7.2023 at 10.00 a.m.

For details logon to : https://highcourtchd.gov.in/?trs=district notice& district= amritsar

Given under my hand and the seal of the court, this 29.5.2023
Civil Judge Junior Division, Amritsar

ਉੱਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ | G20

ਟੈਂਡਰ ਨੋਟਿਸ ਨੰ: 04/2023-2024 ਮਿਤੀ : 27.05.2023

ਭੰਡਾਰ ਦੀ ਆਪੂਰਤੀ ਲਈ ਮੰਗ ਟੈਂਡਰ

ਇਲੈਕਟ੍ਰੋਨਿਕ ਟੈਂਡਰ ਈ ਪ੍ਰਣਾਲੀ ਦੇ ਅੰਤਰਗਤ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਉਪ ਮੁੱਖ ਸਾਮਗਰੀ ਪ੍ਰਬੰਧਕ / ਉੱਤਰ ਰੇਲਵੇ / ਭੰਡਾਰ ਡਿਪੋ / ਯਾਂਤ੍ਰਿਕ ਕਾਰਖਾਨਾ/ਅੰਮ੍ਰਿਤਸਰ ਦੁਵਾਰਾ ਸੰਭਰਣਕਰਤਾਵਾਂ ਤੋਂ ਹੇਠਾ ਲਿਖੇ - ਟੈਂਡਰ ਮੰਗ ਕੀਤੀ ਜਾਂਦੀ ਹੈ:-

ਲ. ਨੰ:	ਟੈਂਡਰ ਨੰਬਰ	ਮਾਲ ਦਾ ਵੇਰਵਾ	ਮਾਤਰਾ	ਟੈਂਡਰ ਖੁਲਣ ਦੀ ਮਿਤੀ
1.	62235068	Underframe Brake Gear arrangement for BOXNHL wagon consisting of 24 items as per attached Annexure-I to RDSO DRG NO: WD-08008-S-10, Alt-4	465 Set	20.06.2023
2.	62235069	Bogie Mounted Brake Systems (BMBS) for BRN 22.9M1 Wagon consisting of 49 items with detailed description, drawing and specification as per attached Annexure-A	156 Set	20.06.2023

ਟੈਂਡਰ ਸ਼ਰਤਾਂ- ireps ਦੀ ਵੈਬਸਾਈਟ www.ireps.gov.in ਉਤੇ ਉਪਲਬਧ ਹੈ। ਸਾਰੇ ਇਛੁਕ ਵਿਕ੍ਰੇਤਾਵਾਂ ਨੂੰ ਈ-ਟੈਂਡਰ ਵਿਚ ਭਾਗ ਲੈਣ ਅਤੇ ਰਜਿਸਟਰਡ ਕਰਾਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਪ੍ਰਮਾਣਿਤ ਏਸੰਸੀ ਤੋਂ ਕਲਾਸ - III ਡਿਜੀਟਲ ਪ੍ਰਮਾਣ ਪੱਤਰ (ਜੇਕਰ ਪਹਿਲਾ ਤੋਂ ਪ੍ਰਾਪਤ ਨਹੀਂ ਕੀਤਾ ਹੈ) ਪ੍ਰਾਪਤ ਕਰਨਾ ਹੋਵੇਗਾ। ਹੱਥ ਨਾਲ ਲਿਖੀ ਟੈਂਡਰ ਸਵੀਕਾਰ ਨਹੀਂ ਕੀਤੀ ਜਾਵੇਗੀ। 1647/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਦਫਤਰ ਨਾਇਬ ਤਹਿਸੀਲਦਾਰ, ਬਰੇਟਾ

ਨੋਟਿਸ ਬਨਾਮ ਜਨਤਾ

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਵਿਅਕਤੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਗੁਰਮੇਲ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਸਿਰਸੀਵਾਲਾ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਨੇ ਇੱਕ ਦਰਖਾਸਤ ਪੇਸ਼ ਕਰਕੇ ਬੇਨਤੀ ਕੀਤੀ ਹੈ ਕਿ ਜਮ੍ਹਾਂਬੰਦੀ ਵਿੱਚ ਉਸ ਦਾ ਨਾਂਅ ਮੇਲਾ ਸਿੰਘ ਦਰਜ ਹੈ ਅਤੇ ਆਧਾਰ ਕਾਰਡ ਵਿੱਚ ਉਸ ਦਾ ਨਾਂਅ ਗੁਰਮੇਲ ਸਿੰਘ ਪੁੱਤਰ ਦਰਸ਼ਨ ਸਿੰਘ ਦਰਜ ਹੈ। ਉਹ ਦੋਵਾਂ ਨਾਵਾਂ ਦਾ ਇੱਕ ਹੀ ਵਿਅਕਤੀ ਹੈ। ਇਸ ਲਈ ਉਸ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਉਸ ਦਾ ਨਾਂਅ ਮੇਲਾ ਸਿੰਘ ਉਰਫ ਗੁਰਮੇਲ ਸਿੰਘ ਦਰੁੱਸਤ ਕੀਤਾ ਜਾਵੇ।

ਜੇਕਰ ਕਿਸੇ ਵੀ ਵਿਅਕਤੀ ਨੂੰ ਦਰਖਾਸਤ ਕਰਤਾ ਦੇ ਨਾਂਅ ਉਕਤ ਮਾਲ ਰਿਕਾਰਡ ਪਿੰਡ ਸਿਰਸੀਵਾਲਾ ਵਿੱਚ ਮੇਲਾ ਸਿੰਘ ਪੁੱਤਰ ਦਰਸ਼ਨ ਸਿੰਘ ਦੀ ਬਜਾਏ ਮੇਲਾ ਸਿੰਘ ਉਰਫ ਗੁਰਮੇਲ ਸਿੰਘ ਪੁੱਤਰ ਦਰਸ਼ਨ ਸਿੰਘ ਕੀਤੇ ਜਾਣ ਦੀ ਤਬਦੀਲੀ ਸੰਬੰਧੀ ਕੋਈ ਇਤਰਾਜ਼ ਹੈ ਤਾਂ ਉਹ ਇਸ ਇਸ਼ਤਿਹਾਰ ਦੇ ਅਖਬਾਰ ਵਿੱਚ ਪ੍ਰਕਾਸ਼ਤ ਹੋਣ ਦੀ ਮਿਤੀ ਤੋਂ 15 (ਪੰਦਰਾਂ ਦਿਨਾਂ) ਦੇ ਅੰਦਰ-ਅੰਦਰ ਇਸ ਦਫਤਰ ਵਿਖੇ ਅਸਾਲਤਨ ਜਾਂ ਵਕਾਲਤਨ ਪੇਸ਼ ਹੋ ਕਰ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ। ਬਾਅਦ ਗੁਜਰਨੇ ਮਿਆਦ ਕਿਸੇ ਵੀ ਕਿਸਮ ਦੇ ਇਤਰਾਜ਼ ਪਰ ਕੋਈ ਗੌਰ ਨਹੀਂ ਕੀਤੀ ਜਾਵੇਗੀ ਅਤੇ ਦਰਖਾਸਤ ਕਰਤਾ ਦਾ ਨਾਂਅ ਉਕਤ ਮਾਲ ਰਿਕਾਰਡ ਪਿੰਡ ਸਿਰਸੀਵਾਲਾ ਵਿੱਚ ਗੁਰਮੇਲ ਸਿੰਘ ਪੁੱਤਰ ਦਰਸ਼ਨ ਸਿੰਘ ਦੀ ਬਜਾਏ ਮੇਲਾ ਸਿੰਘ ਉਰਫ ਗੁਰਮੇਲ ਸਿੰਘ ਪੁੱਤਰ ਦਰਸ਼ਨ ਸਿੰਘ ਕਰ ਦਿੱਤਾ ਜਾਵੇਗਾ।

ਇਹ ਇਸ਼ਤਿਹਾਰ ਅੱਜ ਮਿਤੀ 26.5.2023 ਨੂੰ ਮੇਰੇ ਦਸਤਖਤ ਅਤੇ ਮੋਹਰ ਦਫਤਰ ਰਾਹੀਂ ਜਾਰੀ ਕੀਤਾ ਗਿਆ।
ਨਾਇਬ ਤਹਿਸੀਲਦਾਰ, ਬਰੇਟਾ।

ਪੱਤਰ ਨੰ: 714/ਰੀਡਰ/ਮਿਤੀ : 26.5.2023

ਦਫਤਰ ਨਾਇਬ ਤਹਿਸੀਲਦਾਰ, ਬਰੇਟਾ

ਨੋਟਿਸ ਬਨਾਮ ਜਨਤਾ

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਵਿਅਕਤੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਹਰਮੇਸ਼ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਸਿਰਸੀਵਾਲਾ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਨੇ ਇੱਕ ਦਰਖਾਸਤ ਪੇਸ਼ ਕਰਕੇ ਬੇਨਤੀ ਕੀਤੀ ਹੈ ਕਿ ਜਮ੍ਹਾਂਬੰਦੀ ਵਿੱਚ ਉਸ ਦਾ ਨਾਂਅ ਹਰਮੇਲ ਸਿੰਘ ਦਰਜ ਹੈ ਅਤੇ ਆਧਾਰ ਕਾਰਡ ਵਿੱਚ ਉਸ ਦਾ ਨਾਂਅ ਹਰਮੇਸ਼ ਸਿੰਘ ਪੁੱਤਰ ਦਰਸ਼ਨ ਸਿੰਘ ਦਰਜ ਹੈ। ਉਹ ਦੋਵਾਂ ਨਾਵਾਂ ਦਾ ਇੱਕ ਹੀ ਵਿਅਕਤੀ ਹੈ। ਇਸ ਲਈ ਉਸ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਉਸ ਦਾ ਨਾਂਅ ਹਰਮੇਸ਼ ਸਿੰਘ ਉਰਫ ਹਰਮੇਲ ਸਿੰਘ ਦਰੁੱਸਤ ਕੀਤਾ ਜਾਵੇ।

ਜੇਕਰ ਕਿਸੇ ਵੀ ਵਿਅਕਤੀ ਨੂੰ ਦਰਖਾਸਤ ਕਰਤਾ ਦੇ ਨਾਂਅ ਉਕਤ ਮਾਲ ਰਿਕਾਰਡ ਪਿੰਡ ਸਿਰਸੀਵਾਲਾ ਵਿੱਚ ਹਰਮੇਸ਼ ਸਿੰਘ ਪੁੱਤਰ ਦਰਸ਼ਨ ਸਿੰਘ ਦੀ ਬਜਾਏ ਹਰਮੇਸ਼ ਸਿੰਘ ਉਰਫ ਹਰਮੇਲ ਸਿੰਘ ਪੁੱਤਰ ਦਰਸ਼ਨ ਸਿੰਘ ਕੀਤੇ ਜਾਣ ਦੀ ਤਬਦੀਲੀ ਸੰਬੰਧੀ ਕੋਈ ਇਤਰਾਜ਼ ਹੈ ਤਾਂ ਉਹ ਇਸ ਇਸ਼ਤਿਹਾਰ ਦੇ ਅਖਬਾਰ ਵਿੱਚ ਪ੍ਰਕਾਸ਼ਤ ਹੋਣ ਦੀ ਮਿਤੀ ਤੋਂ 15 (ਪੰਦਰਾਂ ਦਿਨਾਂ) ਦੇ ਅੰਦਰ-ਅੰਦਰ ਇਸ ਦਫਤਰ ਵਿਖੇ ਅਸਾਲਤਨ ਜਾਂ ਵਕਾਲਤਨ ਪੇਸ਼ ਹੋ ਕਰ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ। ਬਾਅਦ ਗੁਜਰਨੇ ਮਿਆਦ ਕਿਸੇ ਵੀ ਕਿਸਮ ਦੇ ਇਤਰਾਜ਼ ਪਰ ਕੋਈ ਗੌਰ ਨਹੀਂ ਕੀਤੀ ਜਾਵੇਗੀ ਅਤੇ ਦਰਖਾਸਤ ਕਰਤਾ ਦਾ ਨਾਂਅ ਉਕਤ ਮਾਲ ਰਿਕਾਰਡ ਪਿੰਡ ਸਿਰਸੀਵਾਲਾ ਵਿੱਚ ਹਰਮੇਸ਼ ਸਿੰਘ ਪੁੱਤਰ ਦਰਸ਼ਨ ਸਿੰਘ ਦੀ ਬਜਾਏ ਹਰਮੇਸ਼ ਸਿੰਘ ਉਰਫ ਹਰਮੇਲ ਸਿੰਘ ਪੁੱਤਰ ਦਰਸ਼ਨ ਸਿੰਘ ਕਰ ਦਿੱਤਾ ਜਾਵੇਗਾ।

ਇਹ ਇਸ਼ਤਿਹਾਰ ਅੱਜ ਮਿਤੀ 26.5.2023 ਨੂੰ ਮੇਰੇ ਦਸਤਖਤ ਅਤੇ ਮੋਹਰ ਦਫਤਰ ਰਾਹੀਂ ਜਾਰੀ ਕੀਤਾ ਗਿਆ।
ਨਾਇਬ ਤਹਿਸੀਲਦਾਰ, ਬਰੇਟਾ।

ਪੱਤਰ ਨੰ: 720/ਰੀਡਰ/ਮਿਤੀ : 216.5.2023

ਉੱਤਰ ਰੇਲਵੇ

G20 | ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਈ-ਟੈਂਡਰ ਸੂਚਨਾ

ਉਪ ਮੁੱਖ ਵਿਯੁਤ ਇੰਜੀਨੀਅਰ/ਜੀਐਸਯੂ, ਉੱਤਰ ਰੇਲਵੇ ਫਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ-ਟੈਂਡਰਾ (www.ireps.gov.in) ਮੰਗ ਕੀਤੀ ਜਾਂਦੀ ਹੈ। ਟੈਂਡਰ ਕਾਰਕ ਅਪਣੇ ਮੂਲ / ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

ਟੈਂਡਰ ਨੰਬਰ	ਕੰਮਾਂ ਦਾ ਵੇਰਵਾ	ਅਨੁਮਾਨਿਤ ਲਾਗਤ (ਰੁ:)	ਬਿਆਨਾ ਰਾਸ਼ੀ (ਰੁ:)	ਕੰਮ ਦਾ ਸਮਾਂ	ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ	ਵੇਬਸਾਈਟ
27-ਵਿਯੁਤ/ ਜੀਐਸਯੂ-T-07-2023-24	ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ (ਏ. ਬੀ. ਐਸ. ਐਸ.) ਦੇ ਤਹਿਤ ਉਧਮਪੁਰ, ਬਡਗਾਮ ਅਤੇ ਬੈਜਨਾਥ ਪਪਰੋਲਾ ਰੇਲਵੇ ਸਟੇਸ਼ਨਾਂ ਉਤੇ ਸਾਫਟ ਅਪਗ੍ਰੇਡੇਸ਼ਨ, ਟ੍ਰੈਫਿਕ ਸਰਕੂਲੇਸ਼ਨ, ਸਰਕੂਲੇਟਿੰਗ ਏਰੀਯਾ, ਅੰਟ੍ਰੰਸ ਪੋਰਚ, ਪਲੇਟਫਾਰਮ, ਪਲੇਟਫਾਰਮ ਸ਼ੇਲਟਰ, ਮੋਜੂਦਾ ਸਟੇਸ਼ਨ ਬਿਲਡਿੰਗ, ਪਖਾਨਾ, ਫੁਟ ਓਵਰ ਬ੍ਰਿਜ ਅਤੇ ਅਗ੍ਰਭਾਗ ਦੀ ਪ੍ਰਕਾਸ਼ ਵਿਵਸਥਾ ਅਤੇ ਹੋਰ ਸਹਾਇਕ ਕੰਮਾਂ ਸਹਿਤ ਪ੍ਰਕਾਸ਼ ਵਿਵਸਥਾ ਵਿਚ ਸੁਧਾਰ ਲਈ ਵਿਯੁਤ ਕੰਮ।	22982027.03	264900.00	06 ਮਹੀਨੇ	21.06.2023 15:00 ਵਜੇ ਤੇ ਬਾਦ	www.ireps.gov.in

ਖੁਲੀ ਟੈਂਡਰ ਸੂਚਨਾ

31-MAY-PAGE-7.qxd 5/30/2023 10:11 PM Page 1

ਪਿੰਡ ਵਾਸੀਆਂ ਵੱਲੋਂ ਹਲਕਾ ਵਿਧਾਇਕ ਦੇ ਭਰੋਸੇ ਮਗਰੋਂ ਧਰਨਾ ਸਮਾਪਤ

ਵਿਦਿਆਰਥਣਾਂ ਦੇ ਹੱਥਾਂ ਨਾਲ ਖੋਲ੍ਹਿਆ ਗਿਆ ਸਕੂਲ ਦੇ ਗੇਟ ਦਾ ਤਾਲਾ

ਫਾਜ਼ਿਲਕਾ (ਕ੍ਰਿਸ਼ਨ ਸਿੰਘ)- ਫਾਜ਼ਿਲਕਾ ਦੇ ਸਰਹੱਦੀ ਪਿੰਡ ਮੁਹਾਰ ਸੋਨਾ ਦੇ ਸਰਕਾਰੀ ਹਾਈ ਸਕੂਲ ਨੂੰ 12ਵੀਂ ਜਮਾਤ ਤੱਕ ਅੱਪਗ੍ਰੇਡ ਕਰਨ ਦੀ ਮੰਗ ਨੂੰ ਲੈ ਕੇ ਚਾਰ ਪਿੰਡਾਂ ਦੇ ਲੋਕਾਂ ਵੱਲੋਂ ਦਿੱਤਾ ਜਾ ਰਿਹਾ ਧਰਨਾ ਪੰਜਵੇਂ ਦਿਨ ਸਮਾਪਤ ਹੋ ਗਿਆ। ਪੰਜਵੇਂ ਦਿਨ ਫਾਜ਼ਿਲਕਾ ਦੇ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਮੌਕੇ 'ਤੇ ਪਹੁੰਚੇ ਤੇ ਪਿਛਲੇ ਪੰਜ ਦਿਨਾਂ ਤੋਂ ਧਰਨਾ ਦੇ ਰਹੇ ਲੋਕਾਂ ਤੋਂ ਮੁਆਫੀ ਮੰਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦਾ ਬਹੁਤ ਦੁੱਖ ਹੈ ਕਿ ਲੋਕ ਸਕੂਲ ਨੂੰ ਅੱਪਗ੍ਰੇਡ ਕਰਵਾਉਣ ਲਈ ਧਰਨੇ 'ਤੇ ਬੈਠਣ ਲਈ ਮਜਬੂਰ ਹਨ। ਉਨ੍ਹਾ ਕਿਹਾ ਕਿ ਇਸ ਸਕੂਲ ਨੂੰ ਅੱਪਗ੍ਰੇਡ ਕਰਨ ਲਈ ਉਨ੍ਹਾਂ ਵੱਲੋਂ ਪਿਛਲੇ ਕੁਝ ਦਿਨਾਂ ਤੋਂ ਉਪਰਾਲੇ ਕੀਤੇ ਜਾ ਰਹੇ ਹਨ। ਇਸ ਦੇ ਲਈ ਉਹ ਪੰਜਾਬ ਦੇ ਸਿੱਖਿਆ ਮੰਤਰੀ ਨੂੰ ਵੀ ਮਿਲੇ ਸਨ, ਜਿਸ ਤੋਂ ਬਾਅਦ ਉਨ੍ਹਾਂ ਨੂੰ ਸਿੱਖਿਆ ਮੰਤਰੀ ਵੱਲੋਂ ਇਸ ਸਕੂਲ ਨੂੰ ਅੱਪਗ੍ਰੇਡ ਕਰਨ ਦਾ ਭਰੋਸਾ ਵੀ ਦਿੱਤਾ ਗਿਆ, ਜਿਸ ਤੋਂ ਬਾਅਦ ਪਿੰਡ ਵਾਸੀਆਂ ਨੇ 25 ਮਈ ਤੋਂ ਧਰਨਾ ਸ਼ੁਰੂ ਕਰ ਦਿੱਤਾ। ਫਿਰ ਵੀ ਉਨ੍ਹਾਂ ਦੇ ਯਤਨਾਂ ਨਾਲ ਇਸ ਸਕੂਲ ਨੂੰ ਅੱਪਗ੍ਰੇਡ ਕਰਨ ਦੀ ਮੰਗ ਪੂਰੀ ਹੋ ਗਈ ਹੈ। ਇਸ ਦੇ ਲਈ ਉਨ੍ਹਾਂ ਵੱਲੋਂ ਰੋਸ ਪ੍ਰਗਟ ਕਰ ਰਹੇ ਪਿੰਡ ਵਾਸੀਆਂ ਨੂੰ ਲਿਖਤੀ ਪੱਤਰ ਵੀ ਸੌਂਪਿਆ ਗਿਆ ਹੈ। ਉਨ੍ਹਾਂ ਵਾਅਦਾ ਕੀਤਾ ਕਿ 1 ਜੁਲਾਈ ਤੋਂ ਇਸ ਸਕੂਲ ਵਿੱਚ +1 ਤੇ +2 ਦੀਆਂ ਕਲਾਸਾਂ ਸ਼ੁਰੂ ਕਰ ਦਿੱਤੀਆਂ ਜਾਣਗੀਆਂ। ਇਸ ਦੌਰਾਨ ਉਨ੍ਹਾਂ ਬਾਕੀ ਮੰਗਾਂ ਨੂੰ ਵੀ ਪੂਰਾ ਕਰਨ ਦਾ ਭਰੋਸਾ ਦਿੱਤਾ।

ਦੂਜੇ ਪਾਸੇ ਇਸ ਧਰਨੇ ਦੇ ਆਗੂ ਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾ ਮੈਂਬਰ ਜਗਦੀਸ਼ ਸਿੰਘ ਮਾਨਸਾ, ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਕਮਲਜੀਤ ਮੁਹਾਰ ਖੀਵਾ ਤੇ ਹੋਰ ਆਗੂਆਂ ਨੇ ਦੱਸਿਆ ਕਿ ਪਿਛਲੇ ਪੰਜ ਦਿਨਾਂ ਤੋਂ ਉਨ੍ਹਾਂ ਦੇ ਪਿੰਡ ਦੇ ਸਕੂਲ ਨੂੰ ਅੱਪਗ੍ਰੇਡ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਇਸ ਦੌਰਾਨ ਉਨ੍ਹਾਂ ਵੱਲੋਂ ਸਕੂਲ ਨੂੰ ਤਾਲਾ ਲਗਾ ਕੇ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ। ਇਸ ਤੋਂ ਬਾਅਦ ਫਾਜ਼ਿਲਕਾ ਦੇ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਮੌਕੇ 'ਤੇ ਪਹੁੰਚੇ ਤੇ ਉਨ੍ਹਾਂ ਦੀ ਮੰਗ ਪੂਰੀ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਇਹ ਸਾਰਿਆਂ ਦੀ ਏਕਤਾ ਦੀ ਜਿੱਤ ਹੈ ਅਤੇ ਭਵਿੱਖ ਵਿੱਚ ਲੋੜ ਪੈਣ 'ਤੇ ਉਹ ਅਜਿਹੇ ਮੁੱਦਿਆਂ 'ਤੇ ਸੰਘਰਸ਼ ਕਰਦੇ ਰਹਿਣਗੇ। ਇਸ ਮੌਕੇ ਉਨ੍ਹਾਂ ਆਪਣੀ ਆਵਾਜ਼ ਸਰਕਾਰ ਦੇ ਕੰਨਾਂ ਤੱਕ ਪਹੁੰਚਾਉਣ ਲਈ ਮੀਡੀਆ ਦਾ ਵੀ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾਂ ਨੇ ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਵਨਾ ਤੇ ਪੰਜਾਬ ਸਰਕਾਰ ਜ਼ਿੰਦਾਬਾਦ ਦੇ ਨਾਅਰੇ ਵੀ ਲਾਏ।

ਹਲਕਾ ਸ਼ੁਤਰਾਣਾ 'ਚ ਨੁਕਸਾਨੀਆਂ ਫਸਲਾਂ ਦਾ ਮੁਆਵਜ਼ਾ ਵੰਡਿਆ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)- ਕਰੀਬ 2 ਸਾਲ ਪਹਿਲਾਂ ਬਰਸਾਤਾਂ ਕਾਰਨ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਪਿੰਡਾਂ ਵਿੱਚ ਨੁਕਸਾਨੀਆਂ ਗਈਆਂ ਫਸਲਾਂ ਦਾ ਮੁਆਵਜ਼ਾ ਵੰਡਿਆ ਗਿਆ। ਤਹਿਸੀਲਦਾਰ ਪਾਤੜਾਂ ਮਨਦੀਪ ਕੌਰ ਦੀ ਹਾਜ਼ਰੀ ਵਿੱਚ ਪ੍ਰਭਾਵਿਤ ਕਿਸਾਨਾਂ ਨੂੰ ਹਲਕਾ ਵਿਧਾਇਕ ਕੁਲਵੰਤ ਬਾਜ਼ੀਗਰ ਨੇ 41 ਲੱਖ ਰੁਪਏ ਦੇ ਕਰੀਬ ਦੀ ਰਾਸ਼ੀ ਵਾਲੇ ਮੁਆਵਜ਼ੇ ਦੇ ਪੱਤਰ ਤਕਸੀਮ ਕੀਤੇ। ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ਾ ਪੱਤਰ ਦੇਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਦੱਸਿਆ ਕਿ ਹਾੜ੍ਹੀ ਦੇ ਇਸ ਸੀਜ਼ਨ ਦੌਰਾਨ, ਜਿਨ੍ਹਾਂ ਕਿਸਾਨਾਂ ਦੀ ਕਣਕ ਦੀ ਫਸਲ ਦਾ ਨੁਕਸਾਨ ਹੋਇਆ ਸੀ, ਸਪੈਸ਼ਲ ਗਿਰਦਾਵਰੀ ਮਗਰੋਂ ਹਲਕੇ ਦੇ ਕਲਵਾਨੂੰ, ਜਲਾਲਪੁਰ, ਸਿਉਣਾ, ਰਾਮਝੇੜੀ, ਨਨਹੇੜਾ, ਉਗੋਕੇ, ਹਰਚੰਦਪੁਰਾ, ਰਾਮਪੁਰ ਪੜਤਾ ਤੇ ਬਾਦਸ਼ਾਹਪੁਰ ਪਿੰਡਾਂ ਦੇ ਪ੍ਰਭਾਵਿਤ ਕਿਸਾਨਾਂ ਨੂੰ ਕਰੀਬ ਸੱਤ ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ 2021 ਵਿੱਚ ਜਿਹੜੇ ਕਿਸਾਨਾਂ ਦੀ ਮੀਂਹ ਨਾਲ ਫਸਲ ਨੁਕਸਾਨੀ ਗਈ ਸੀ ਉਨ੍ਹਾਂ ਨੂੰ ਪਿਛਲੀ ਕਾਂਗਰਸ ਸਰਕਾਰ ਦੀ ਨਲਾਇਕੀ ਕਰਕੇ ਹੁਣ ਤੱਕ ਮੁਆਵਜ਼ਾ ਨਹੀਂ ਮਿਲ ਸਕਿਆ, ਭਗਵੰਤ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਨੇ ਉਨ੍ਹਾਂ ਕਿਸਾਨਾਂ ਨੂੰ ਵੀ ਮੁਆਵਜ਼ਾ ਰਾਸ਼ੀ ਜਾਰੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਸ ਦੇ ਤਹਿਤ 34 ਲੱਖ ਤੋਂ ਵੱਧ ਦੀ ਰਾਸ਼ੀ ਕਿਸਾਨਾਂ ਦੇ ਖਾਤਿਆਂ ਵਿੱਚ ਪਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਕਿਸਾਨਾਂ ਦੀ ਭਲਾਈ ਲਈ ਲਗਾਤਾਰ ਯਤਨਸ਼ੀਲ ਹੈ।

ਮੋਦੀ ਸਰਕਾਰ ਖਿਲਾਫ ਲਾਮਬੰਦੀ ਸਮੇਂ ਦੀ ਮੁੱਖ ਲੋੜ : ਚੌਹਾਨ

ਭੀਖੀ (ਧਰਮਵੀਰ ਸ਼ਰਮਾ)-ਦੇਸ਼ ਦੇ ਨਵੇਂ ਸੰਸਦ ਭਵਨ ਦੇ ਉਦਘਾਟਨ ਮੌਕੇ ਸੰਸਦ ਮੁਖੀ ਦੇਸ਼ ਦੇ ਮਹਿਲਾ ਆਦਿਵਾਸੀ ਰਾਸ਼ਟਰਪਤੀ ਦਰੋਪਤੀ ਮੁਰਮੂ ਨੂੰ ਪ੍ਰਧਾਨ ਮੰਤਰੀ ਵੱਲੋਂ ਸੱਦਾ ਨਾ ਦੇਣਾ ਆਦਿਵਾਸੀ ਸਮਾਜ, ਸੋਸ਼ਿਤ ਦਲਿਤ ਤੇ ਔਰਤ ਜਾਤੀ ਦਾ ਵੱਡਾ ਅਪਮਾਨ ਹੈ ਅਤੇ ਮੋਦੀ ਸਰਕਾਰ ਦੀ ਮਨੂੰਵਾਦੀ ਸੋਚ ਦਾ ਪ੍ਰਗਟਾਵਾ ਹੈ। ਇਹ ਪ੍ਰਗਟਾਵਾ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਮੀਤ ਪ੍ਰਧਾਨ ਤੇ ਜ਼ਿਲ੍ਹਾ ਸਕੱਤਰ ਸੀ ਪੀ ਆਈ ਕਾ. ਕ੍ਰਿਸ਼ਨ ਚੌਹਾਨ ਨੇ ਵੱਖ ਵੱਖ ਪਿੰਡਾਂ ਵਿੱਚ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਕੀਤਾ। ਕਮਿਊਨਿਸਟ ਆਗੂ ਨੇ ਅਫਸੋਸ ਜ਼ਾਹਰ ਕਰਦਿਆਂ ਕਿਹਾ ਕਿ ਦੇਸ਼ ਦੇ ਆਦਿਵਾਸੀ ਭਾਈਚਾਰੇ ਵਿੱਚੋਂ ਪਹਿਲੀ ਵਾਰ ਸਰਬ ਉੱਚ ਅਹੁਦੇ 'ਤੇ ਪਹੁੰਚਣ ਵਾਲੀ ਮਹਿਲਾ ਰਾਸ਼ਟਰਪਤੀ ਨੂੰ ਦਰਕਿਨਾਰ ਕਰਕੇ ਪ੍ਰਧਾਨ ਮੰਤਰੀ ਵੱਲੋਂ ਖੁਦ ਉਦਘਾਟਨ ਕਰਨਾ ਗੈਰ-ਸੰਵਿਧਾਨਕ ਹੈ, ਜਦੋਂ ਕਿ ਰਾਸ਼ਟਰਪਤੀ ਸੰਵਿਧਾਨਕ ਤੌਰ 'ਤੇ ਸੰਸਦ ਮੁਖੀ ਹੁੰਦੀ ਹੈ, ਪ੍ਰੰਤੂ ਮੋਦੀ ਸਰਕਾਰ ਦਾ ਰਵੱਈਆ ਪਹਿਲਾਂ ਤੋਂ ਹੀ ਮਨੂਵਾਦੀ ਸੋਚ ਤੇ ਦਲਿਤ ਵਿਰੋਧੀ ਰਿਹਾ ਹੈ। ਜ਼ਿਕਰਯੋਗ ਹੈ ਕਿ ਪਹਿਲਾਂ ਵੀ ਪਿਛਲੇ ਰਾਸ਼ਟਰਪਤੀ ਸ੍ਰੀ ਰਾਮ ਨਾਥ ਕੋਬਿੰਦ ਨੂੰ ਵੀ ਜਨਤਕ ਤੌਰ 'ਤੇ ਨਜ਼ਰ ਅੰਦਾਜ਼ ਕਰਦੇ ਆ ਰਹੇ ਹਨ।

ਸਾਥੀ ਚੌਹਾਨ ਨੇ ਮੋਦੀ ਸਰਕਾਰ ਦੇ ਇਸ ਕੰਮ ਦੀ ਨਿੰਦਿਆ ਕੀਤੀ ਤੇ ਮੋਦੀ ਹਕੂਮਤ ਖਿਲਾਫ ਲੋਕ ਲਾਮਬੰਦੀ ਨੂੰ ਸਮੇਂ ਦੀ ਲੋੜ ਦੱਸਿਆ। ਸੀਪੀਆਈ ਆਗੂ ਤੇ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਕੇਵਲ ਸਿੰਘ ਸਮਾਉਂ ਨੇ ਕਿਹਾ ਕਿ ਖੇਤ ਮਜ਼ਦੂਰਾਂ ਦੀ ਜੰਤਰ ਮੰਤਰ ਦਿੱਲੀ ਵਿਖੇ ਹੋਣ ਵਾਲੀ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਸਾਥੀ ਪੁੱਜਣਗੇ। ਉਨ੍ਹਾਂ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਲਈ ਅੱਗੇ ਹੋਣਾ ਹੋਏਗਾ। ਇਸ ਮੌਕੇ ਮੁਖਤਿਆਰ ਖਿਆਲਾ, ਜਾਗਰ ਸਿੰਘ, ਬਲਜਿੰਦਰ ਸਿੰਘ, ਤੇਜਾ ਸਿੰਘ, ਬੂਟਾ ਸਿੰਘ, ਬਲੌਰ ਸਿੰਘ, ਸੁਰਜੀਤ ਕੌਰ ਤੇ ਰੂਪ ਕੌਰ ਆਦਿ ਹਾਜ਼ਰ ਸਨ।

ਕਾਤਰਾਂ

ਸਿੱਧੂ ਮੂਸੇਵਾਲਾ ਦੀ ਯਾਦ 'ਚ ਛਬੀਲ ਲਗਾਈ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਪ੍ਰਸਿੱਧ ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੀ ਯਾਦ ਵਿੱਚ ਨੌਜਵਾਨਾਂ ਵੱਲੋਂ ਰਾਹਗੀਰਾਂ ਲਈ ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ ਹਰਸ਼ਦੀਪ ਸਿੰਘ ਢਿੱਲੋਂ, ਪ੍ਰਭਦੀਪ ਸਿੰਘ ਢਿੱਲੋਂ, ਹਰਮਨਦੀਪ ਬੰਗੜ, ਜੱਸਾ ਮਾਨਸਾ, ਰਾਹੁਲ ਢਿੱਲੋਂ, ਲਵਪ੍ਰੀਤ ਲਵੀ, ਸੁਖਪ੍ਰੀਤ ਸਿੰਘ, ਜਸਵੀਰ ਸਿੰਘ, ਕਰਨਦੀਪ, ਦਿਲਜੀਤ, ਸਾਹਿਬਜੋਤ ਢਿੱਲੋਂ, ਕਾਕੂ ਸੰਧੂ, ਤਨਵੀਰ ਢਿੱਲੋਂ, ਪਲਵਿੰਦਰ ਸਿੰਘ, ਮਹਿਕਦੀਪ ਢਿੱਲੋਂ, ਕ੍ਰਿਸ਼, ਹਨੀ, ਗਗਨਦੀਪ ਢਿੱਲੋਂ, ਅੰਸ਼ਪ੍ਰੀਤ ਸਿੰਘ, ਅਰਮਾਨ ਢਿੱਲੋਂ, ਸ਼ੈਰੀ ਕੈਨੇਡਾ ਵੱਲੋਂ ਰਾਹਗੀਰਾਂ ਨੂੰ ਠੰਢਾ-ਮਿੱਠਾ ਜਲ ਛਕਾਇਆ ਗਿਆ।

ਸਰਵ ਹਿੱਤਕਾਰੀ ਵਿੱਦਿਆ ਮੰਦਰ ਦਾ ਨਤੀਜਾ ਸ਼ਾਨਦਾਰ

ਭੀਖੀ (ਧਰਮਵੀਰ ਸ਼ਰਮਾ)- ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ ਵੱਲੋਂ ਐਲਾਨੇ ਦਸਵੀਂ ਕਲਾਸ ਦੇ ਨਤੀਜੇ ਵਿੱਚ ਸਥਾਨਕ ਸ੍ਰੀ ਤਾਰਾ ਚੰਦ ਸਰਵ ਹਿੱਤਕਾਰੀ ਵਿੱਦਿਆ ਮੰਦਰ ਭੀਖੀ ਦਾ ਦਸਵੀਂ ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ। ਸਕੂਲ ਪ੍ਰਿੰਸੀਪਲ ਸੰਜੀਵ ਕੁਮਾਰ ਨੇ ਦੱਸਿਆ ਕਿ ਇਸ ਸਕੂਲ ਦੇ ਦਸਵੀਂ ਕਲਾਸ ਦੇ 53 ਵਿਦਿਆਰਥੀਆਂ ਵਿੱਚੋਂ ਸਾਰੇ ਹੀ ਵਿਦਿਆਰਥੀ ਚੰਗੇ ਅੰਕ ਲੈ ਕੇ ਪਾਸ ਹੋਏ। ਹੇਜਲ ਗੁਪਤਾ ਪੁੱਤਰੀ ਨੀਰਜ ਗੁਪਤਾ ਨੇ 650 ਅੰਕਾਂ 'ਚੋਂ 625 ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ, ਪ੍ਰਿੰਸ ਕੁਮਾਰ ਪੁੱਤਰ ਸੁਰੇਸ਼ ਕੁਮਾਰ ਨੇ 605 ਅੰਕ ਪ੍ਰਾਪਤ ਕਰਕੇ ਦੂਸਰਾ ਤੇ ਸੁਖਪ੍ਰੀਤ ਕੌਰ ਪੁੱਤਰੀ ਜਗਦੀਸ਼ ਸਿੰਘ ਨੇ 604 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ ਹੈ। ਬੱਚਿਆਂ ਦੀਆਂ ਵਧੀਆ ਪੁਜ਼ੀਸ਼ਨਾਂ ਆਉਣ 'ਤੇ ਖੁਸ਼ੀ ਪ੍ਰਗਟ ਕਰਦਿਆਂ ਸਕੂਲ ਪ੍ਰਿੰਸੀਪਲ ਸੰਜੀਵ ਕੁਮਾਰ, ਮੈਨੇਜਮੈਂਟ ਕਮੇਟੀ ਪ੍ਰਧਾਨ ਸਤੀਸ਼ ਕੁਮਾਰ, ਪ੍ਰਬੰਧਕ ਮਾ. ਅੰਮ੍ਰਿਤ ਲਾਲ ਤੇ ਸਮੂਹ ਪ੍ਰਬੰਧਕ ਕਮੇਟੀ ਨੇ ਬੱਚਿਆਂ ਅਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ।

ਅਕਾਲੀ ਆਗੂ ਦੀ ਸੜਕ ਹਾਦਸੇ 'ਚ ਮੌਤ

ਪਾਤੜਾਂ (ਪੱਤਰ ਪ੍ਰੇਰਕ)-ਵਿਧਾਨ ਸਭਾ ਹਲਕਾ ਸ਼ੁਤਰਾਣਾ ਨਾਲ ਸਬੰਧਤ ਸੀਨੀਅਰ ਅਕਾਲੀ ਆਗੂ ਤੇ ਪਿੰਡ ਖਾਨੇਵਾਲ ਦੇ ਸਾਬਕਾ ਸਰਪੰਚ ਸੁਲੱਖਣ ਸਿੰਘ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ। ਜਾਣਕਾਰੀ ਅਨੁਸਾਰ ਅਕਾਲੀ ਆਗੂ ਸੁਲੱਖਣ ਸਿੰਘ ਖਾਨੇਵਾਲ ਆਪਣੇ ਪਿੰਡ ਤੋਂ ਪਾਤੜਾਂ ਨੂੰ ਆ ਰਹੇ ਸੀ ਕਿ ਪਿੰਡ ਹਾਮਝੇੜੀ ਦੇ ਨਜ਼ਦੀਕ ਕਿਸੇ ਜ਼ਰੂਰੀ ਕੰਮ ਲਈ ਗੱਡੀ ਰੋਕ ਕੇ ਜਦੋਂ ਉਹ ਸੜਕ ਪਾਰ ਕਰਨ ਲੱਗੇ ਤਾਂ ਤੇਜ਼ ਰਫਤਾਰ ਆ ਰਹੀ ਗੱਡੀ ਨੇ ਉਨ੍ਹਾਂ ਨੂੰ ਆਪਣੀ ਲਪੇਟ 'ਚ ਲੈ ਲਿਆ। ਹਾਦਸਾ ਇੰਨਾ ਭਿਆਨਕ ਸੀ ਕਿ ਸੁਲੱਖਣ ਸਿੰਘ ਦੀ ਮੌਕੇ ਉੱਤੇ ਹੀ ਮੌਤ ਹੋ ਗਈ। ਮੌਕੇ 'ਤੇ ਪਹੁੰਚੇ ਪੁਲਸ ਤਫਤੀਸ਼ੀ ਅਫਸਰ ਨੇ ਦੱਸਿਆ ਕਿ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਭੇਜ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ

ਭੀਖੀ (ਧਰਮਵੀਰ ਸ਼ਰਮਾ)-ਪਲੀਓ ਰੋਕੂ ਮੁਹਿੰਮ ਤਹਿਤ ਜ਼ਿਲ੍ਹੇ ਅੰਦਰ 5 ਸਾਲ ਤੱਕ ਦੀ ਉਮਰ ਦੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਗਈਆਂ। ਇਸ ਤਹਿਤ ਬਲਾਕ ਦੇ ਪਿੰਡਾਂ ਮੋਹਰ ਸਿੰਘ ਵਾਲਾ, ਜੱਸੜ ਵਾਲਾ, ਧਲੇਵਾਂ, ਹੋਡਲਾ, ਬੀਰ, ਹਮੀਰਗੜ੍ਹ ਢੈਪਈ ਵਿਖੇ ਬੱਚਿਆਂ ਨੂੰ ਇਹ ਬੂੰਦਾਂ ਪਿਲਾਈਆਂ ਗਈਆਂ। ਇਸ ਮੌਕੇ ਸਿਹਤ ਸੁਪਰਵਾਈਜ਼ਰ ਲੀਲਾ ਰਾਮ ਨੇ ਦੱਸਿਆ ਕਿ ਬੂਥਾਂ 'ਤੇ ਬੱਚਿਆਂ ਨੰ ਬੂੰਦਾ ਪਿਲਾਈਆਂ ਗਈਆਂ ਹਨ ਅਤੇ ਭਲਕੇ ਬਾਕੀ ਦਿਨ ਸਿਹਤ ਵਿਭਾਗ ਦੀਆਂ ਟੀਮਾਂ ਘਰ ਘਰ ਜਾ ਕੇ ਬੱਚਿਆਂ ਨੂੰ ਇਹ ਬੂੰਦਾਂ ਪਿਲਾਉਣਗੀਆਂ ਤਾਂ ਕਿ ਕੋਈ ਬੱਚਾ ਇਸ ਮਹਿੰਮ ਤੋਂ ਵਾਂਝਾ ਨਾ ਰਹੇ। ਇਸ ਮੌਕੇ ਏ.ਐੱਨ.ਐੱਮ. ਅਮਨਦੀਪ ਕੌਰ, ਏ.ਐੱਨ.ਐੱਮ. ਬਲਜੀਤ ਕੌਰ, ਆਸ਼ਾ ਵਰਕਰ ਜਸਵੀਰ ਕੌਰ, ਰਵੀਨਾ, ਅਫ਼ਤਾਬ ਖਾਂ ਤੇ ਪੰਚ ਸੁਖਵਿੰਦਰ ਸਿੰਘ ਮੌਜੂਦ ਸਨ।

ਨਵੇਂ ਸੰਸਦ ਭਵਨ ਦਾ ਉਦਘਾਟਨ ਭਾਰਤ ਲਈ ਇਤਿਹਾਸਕ ਪਲ : ਗਗਨਦੀਪ

ਬਰੇਟਾ (ਗੋਬਿੰਦ ਸ਼ਰਮਾ)-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ਼ ਦੇ ਨਵੇਂ ਬਣੇ ਸੰਸਦ ਭਵਨ ਦੇ ਉਦਘਾਟਨ ਸਮਾਰੋਹ ਦਾ ਦਿਨ ਪੂਰੇ ਭਾਰਤ ਵਾਸੀਆਂ ਲਈ ਇਤਿਹਾਸਕ ਪਲ ਸੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਥਾਨਕ ਭਾਜਪਾ ਦੇ ਮੰਡਲ ਪ੍ਰਧਾਨ ਗਗਨਦੀਪ ਸ਼ਰਮਾ ਨੇ ਕੀਤਾ। ਉਨ੍ਹਾ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਨਵੇਂ ਸੰਸਦ ਭਵਨ ਦਾ ਨਿਰਮਾਣ ਕਰਵਾ ਕੇ ਜਿੱਥੇ ਆਪਣੀ ਦੂਰ ਅੰਦੇਸ਼ੀ ਸਾਬਿਤ ਕੀਤੀ ਹੈ, ਉੱਥੇ ਹੀ ਇਸ ਦਾ ਵਿਰੋਧ ਕਰ ਰਹੇ ਰਾਜਨੀਤਕ ਆਗੂਆਂ ਤੇ ਪਾਰਟੀਆਂ ਦੀ ਸੌੜੀ ਤੇ ਛੋਟੀ ਸੋਚ ਵੀ ਲੋਕਾਂ ਅੱਗੇ ਆ ਗਈ ਹੈ ਅਤੇ ਅਜਿਹੇ ਆਗੂਆਂ ਨੂੰ ਹੁਣ ਦੇਸ਼ ਦੀ ਜਨਤਾ ਮੂੰਹ ਨਹੀਂ ਲਗਾਏਗੀ।

ਨੌਜਵਾਨ ਭਾਰਤ ਸਭਾ ਵੱਲੋਂ ਪਹਿਲਵਾਨਾਂ ਦੇ ਹੱਕ 'ਚ ਪ੍ਰਦਰਸ਼ਨ

ਮੁਕਤਸਰ (ਸ਼ਮਿੰਦਰਪਾਲ, ਪੂਜਾ)-ਜਿਨਸੀ ਸ਼ੋਸ਼ਣ ਦੇ ਕਥਿਤ ਦੋਸ਼ੀ ਭਾਜਪਾ ਐੱਮ ਪੀ ਬ੍ਰਿਜ ਭੂਸ਼ਣ ਸ਼ਰਨ ਦੀ ਗ੍ਰਿਫਤਾਰੀ ਲਈ ਇੱਕ ਮਹੀਨੇ ਤੋਂ ਦਿੱਲੀ ਦੇ ਜੰਤਰ ਮੰਤਰ ਵਿਖੇ ਧੱਕੇ ਮੋਰਚੇ 'ਤੇ ਬੈਠੇ ਭਲਵਾਨਾਂ ਨੂੰ ਜਦ ਕੇਂਦਰ

31-May-PAGE- 8.qxd 5/30/2023 10:35 PM Page 1

ਮਹਿਲਾ ਭਲਵਾਨਾਂ 'ਤੇ ਹੋਏ ਤਸ਼ੱਦਦ ਖਿਲਾਫ ਰੋਸ ਮਾਰਚ ਕਰਕੇ ਮੋਦੀ ਦਾ ਪੁਤਲਾ ਫੂਕਿਆ

ਗੜਸ਼ੰਕਰ (ਫੂਲਾ ਸਿੰਘ ਬੀਰਮਪੁਰ)

ਦੇਸ਼ ਦੀਆਂ ਦੁਨੀਆਂ ਪੱਧਰ ਦੀਆਂ ਨਾਮੀ ਮਹਿਲਾ ਭਲਵਾਨਾਂ ਵੱਲੋਂ ਜਿਨਸੀ ਸ਼ੋਸ਼ਣ ਖਿਲਾਫ ਕੀਤੇ ਜਾ ਰਹੇ ਸ਼ੰਘਰਸ਼ ਨੂੰ ਪੁਲਸ ਸਰਕਾਰੀ ਦਹਿਸ਼ਤ ਰਾਹੀ ਪੁਲਸ ਜਬਰ ਨਾਲ ਕੁਚਲ ਦੇਣ ਦੇ ਮਨਸੂਬਿਆਂ ਅਤੇ ਜਿਨਸੀ ਦੋਸ਼ਾ 'ਚ ਘਿਰੇ ਕੁਸ਼ਤੀ ਸੰਘ ਦੇ ਮੁਖੀ ਬ੍ਰਿਜਭੂਸ਼ਣ ਖਿਲਾਫ ਕਾਰਵਾਈ ਕਰਵਾਉਣ ਲਈ ਗੜਸ਼ੰਕਰ ਖੇਤਰ ਦੀ ਵੱਖ ਵੱਖ ਜੱਥੇਬੰਦੀਆਂ ਵੱਲੋਂ ਮੁਕੇਸ਼ ਕੁਮਾਰ ਹਰਮੇਸ਼ ਢੇਸੀ, ਦਰਸ਼ਨ ਸਿੰਘ ਮੱਟੂ ਡਾ.ਜੋਗਿੰਦਰ ਕੁਲੇਵਾਲ, ਪ੍ਰੋ ਸੰਧੂ ਵਰਿਆਣਵੀ, ਬਲਵੀਰ ਖਾਨਪੁਰੀ ਅਤੇ ਬੀਬੀ ਸ਼ੁਭਾਸ਼ ਮੱਟੂ ਦੀ ਅਗਵਾਈ ਹੇਠ ਇਲਾਕੇ ਦੀਆਂ ਜਮਹੂਰੀਅਤ ਤੇ ਇਨਸਾਫਪਸੰਦ ਜੱਥੇਬੰਦੀਆਂ ਵੱਲੋਂ ਇੱਥੇ ਬੰਗਾ ਚੌਕ ਨੇੜੇ ਸਥਿਤ ਗਾਂਧੀ ਪਾਰਕ ਗੜ੍ਹਸ਼ੰਕਰ ਵਿਖੇ ਰੈਲੀ ਕਰਕੇ ਸ਼ਹਿਰ 'ਚ ਰੋਸ ਮਾਰਚ ਕਰਨ ਉਪਰੰਤ ਨੰਗਲ ਚੌਕ 'ਚ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ। ਰੈਲੀ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆ ਕੁਲਵਿੰਦਰ ਚਾਹਲ, ਗੁਰਨੇਕ ਭੱਜਲ, ਡਾ. ਬਿੱਕਰ ਸਿੰਘ, ਭੁਪਿੰਦਰ ਸੜੋਆ, ਪ੍ਰੋ ਕੁਲਵੰਤ ਗੋਲੇਵਾਲ ਅਤੇ ਪ੍ਰਦੀਪ ਕੁਮਾਰ ਗੁਰੂ ਵੱਲੋਂ ਨੇ ਕਿਹਾ ਕਿ ਬ੍ਰਿਜ ਭੂਸ਼ਣ ਸ਼ਰਣ ਸਿੰਘ ਵੱਲੋਂ ਕੀਤੇ ਜਿਨਸੀ ਸ਼ੋਸ਼ਣ ਖਿਲਾਫ ਜੰਤਰ ਮੰਤਰ ਵਿਖੇ ਪਿਛਲੇ ਕਈ ਮਹੀਨਿਆਂ ਤੋਂ ਪ੍ਰਦਰਸ਼ਨ ਕਰ ਰਹੇ ਨੇ ਪਰ ਕੇਂਦਰ ਸਰਕਾਰ ਉਹਨਾਂ ਨੂੰ ਇਨਸਾਫ ਦੇਣ ਦੀ ਥਾਂ ਖੌਫਜਦਾ ਕਰਕੇ ਉਹਨਾਂ ਦੇ ਸ਼ੰਘਰਸ਼ ਨੂੰ ਕੁਚਲ ਰਹੀ ਹੈ। ਆਗੂਆਂ ਨੇ ਮੰਗ ਕੀਤੀ ਕਿ ਬ੍ਰਿਜ ਭੂਸ਼ਣ ਸ਼ਰਣ ਸਿੰਘ ਨੂੰ ਗ੍ਰਿਫਤਾਰ ਕੀਤਾ ਜਾਵੇ ਅਤੇ ਭਲਵਾਨਾਂ ਨਾਲ ਇਨਸਾਫ ਕਰੇ। ਇਸ ਸਮੇ ਜਰਨੈਲ ਸਿੰਘ, ਸੱਤਪਾਲ ਕਲੇਰ, ਮਨਜੀਤ ਬੰਗਾ, ਜਰਨੈਲ ਸਿੰਘ ਗੋਲੇਵਾਲ, ਲਖਵੀਰ ਸਿੰਘ ਅਲੀਪੁਰ, ਹੰਸ ਰਾਜ ਗੜਸ਼ੰਕਰ, ਗੁਰਮੇਲ ਸਿੰਘ, ਗੁਰਨਾਮ ਸਿੰਘ, ਗੁਰਬਖਸ਼ ਸਿੰਘ, ਹਰਭਜਨ ਗੁੱਲਪੁਰ, ਪ੍ਰੇਮ ਪਾਲੇਵਾਲ, ਰੇਸ਼ਮ ਸਿੰਘ ਭੱਜਲ, ਗੁਰਮੇਲ ਕਲਸੀ, ਗੁਰਦੇਵ ਸਿੰਘ ਤੇ ਜਰਨੈਲ ਸਿੰਘ ਗੋਲੇਵਾਲ ਜੋਗਿੰਦਰ ਸਿੰਘ ਸੰਤੋਖ ਸਿੰਘ, ਰਜਿੰਦਰ ਸਿੰਘ ਸ਼ਾਮਲ ਸਨ।

ਹਥਿਆਰਾਂ ਦੀ ਨੋਕ 'ਤੇ ਦਿਨ-ਦਿਹਾੜੇ ਘਰ 'ਚ ਲੁੱਟ

ਨੂਰਮਹਿਲ, (ਬਾਲ ਕ੍ਰਿਸ਼ਨ ਬਾਲੀ)

ਬੀਤੇ ਦਿਨ ਦੁਪਹਿਰ ਤਕਰੀਬਨ 2 ਵਜੇ ਦੇ ਕਰੀਬ ਮੁਹੱਲਾ ਪਾਸੀਆਂ ਵਿਖੇ ਦਿਨ ਦਿਹਾੜੇ ਹਥਿਆਰਬੰਦ ਲੁਟੇਰਿਆਂ ਨੇ ਇਕ ਘਰ ਨੂੰ ਨਿਸ਼ਾਨਾ ਬਣਾਇਆ । ਘਰ ਦੇ ਮਾਲਕ ਹਰਮੇਸ਼ ਕੁਮਾਰ ਪਾਸੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਸ ਦਾ ਲੜਕਾ ਸ਼ਸ਼ੀ ਭੂਸ਼ਨ ਪਾਸੀ ਨੂਰਮਹਿਲ ਬਜ਼ਾਰ 'ਚ ਭਾਂਡਿਆਂ ਦੀ ਦੁਕਾਨ ਕਰਦਾ ਹੈ। ਜਦ ਉਹ ਰੋਟੀ ਖਾਣ ਘਰ ਆਉਂਦਾ ਹੈ ਤਾਂ ਉਸ ਦੀ ਨੂੰਹ ਦੁਕਾਨ 'ਤੇ ਚਲੀ ਜਾਂਦੀ ਹੈ । ਅੱਜ ਜਦੋਂ 2 ਕੁ ਵਜੇ ਉਸ ਦੀ ਨੂੰਹ ਘਰੋਂ ਦੁਕਾਨ ਨੂੰ ਨਿਕਲੀ ਤਾਂ ਪੰਜ ਲੁਟੇਰਿਆਂ ਨੇ ਉਸ ਦੇ ਘਰ ਦਾ ਦਰਵਾਜ਼ਾ ਖੋਲ੍ਹਣ ਲਈ ਖੜਕਾਇਆ ਤਾਂ ਗੁਆਂਢੀਆਂ ਦਾ ਮੁੰਡਾ ਵੀ ਅੰਦਰ ਸੀ । ਉਸ ਵੱਲੋਂ ਨਾਂਅ ਪੁੱਛਣ 'ਤੇ ਲੁਟੇਰਿਆਂ ਚੋਂ ਇਕ ਨੇ ਆਪਣਾ ਨਾਂਅ ਅਜੇ ਦੱਸਿਆ ਤਾਂ ਮੁੰਡੇ ਨੇ ਦਰਵਾਜ਼ਾ ਖੋਲ੍ਹ ਦਿੱਤਾ ।ਅੰਦਰ ਵੜਦਿਆਂ ਹੀ ਉਨ੍ਹਾਂ ਨੇ ਹਰਮੇਸ਼ ਅਤੇ ਉਸ ਲੜਕੇ ਨੂੰ ਬੰਧਕ ਬਣਾ ਲਿਆ ਅਤੇ ਉਸ ਕੋਲੋਂ ਅਲਮਾਰੀਆਂ ਦੀਆਂ ਚਾਬੀਆਂ ਲੈ ਕੇ ਫਰੋਲਾ ਫਰਾਲੀ ਕੀਤੀ, ਜੰਦਰੇ ਵੀ ਤੋੜੇ। ਇਹ ਕੰਮ ਤਕਰੀਬਨ 20 ਤੋਂ 25 ਮਿੰਟ ਤੱਕ ਚੱਲਿਆ। ਏਨੇ ਨੂੰ ਉਸ ਦਾ ਲੜਕਾ ਸ਼ਸ਼ੀ ਵੀ ਆ ਗਿਆ ਤਾਂ ਉਹ ਘਰ ਦੇ ਅੱਗੇ ਬਿਨਾਂ ਨੰਬਰ ਪਲੇਟਾਂ ਤੋਂ ਖੜ੍ਹੇ ਮੋਟਰਸਾਈਕਲ ਦੇਖ ਕੇ ਹੈਰਾਨ ਹੋ ਗਿਆ ਤਾਂ ਰਾਹ ਜਾਂਦੇ ਲੋਕਾਂ ਨੂੰ ਮਦਦ ਕਰਨ ਲਈ ਆਖਿਆ । ਏਨੇ ਨੂੰ ਲੁਟੇਰੇ ਜਿਨ੍ਹਾਂ ਦੇ ਹੱਥਾਂ ਵਿਚ ਹਥਿਆਰ ਸਨ, ਸਰੇਆਮ ਮੋਟਰਸਾਈਕਲਾਂ 'ਤੇ ਫਰਾਰ ਹੋ ਗਏ । ਘਟਨਾ ਦੀ ਸੂਚਨਾ ਮਿਲਦਿਆਂ ਹੀ ਐਸ ਐੱਚ ਓ ਸੁਖਦੇਵ ਸਿੰਘ, ਡੀ ਐਸ ਪੀ ਨਕੋਦਰ ਰਾਜਿੰਦਰ ਸਿੰਘ, ਸੀ ਆਈ ਏ ਸਟਾਫ ਜਲੰਧਰ ਮੌਕੇ 'ਤੇ ਪੁੱਜ ਗਈ ਤੇ ਜਾਂਚ ਵਿਚ ਜੁਟ ਗਈ । ਘਰ ਦੇ ਮਾਲਕ ਨੇ ਦੱਸਿਆ ਕਿ ਲੁਟੇਰੇ ਸੋਨਾ ਅਤੇ ਨਕਦੀ ਲੈ ਗਏ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ ।

ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਨੇ ਪ੍ਰਧਾਨ ਮੰਤਰੀ ਦੇ ਨਾਂਅ ਸੌਂਪਿਆ ਮੰਗ ਪੱਤਰ

ਜਲੰਧਰ,(ਕੇਸਰ)-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਜ਼ਿਲ੍ਹਾ ਜਲੰਧਰ ਲੋਕ ਸਭਾ ਮੈਂਬਰ ਸ਼ੁਸ਼ੀਲ ਕੁਮਾਰ ਰਿੰਕੂ ਨੂੰ ਕਿਸਾਨੀ ਮੰਗਾਂ ਲਬੰਧੀ ਪ੍ਰਧਾਨ ਮੰਤਰੀ ਦੇ ਨਾਂਅ ਮੰਗ ਪੱਤਰ ਦੇਣ ਉਨ੍ਹਾਂ ਦੀ ਰਿਹਾਇਸ਼ 'ਤੇ ਗਏ। ਰਿੰਕੂ ਦੀ ਗੈਰ ਮੌਜੂਦਗੀ ਵਿਚ ਕਿਸਾਨ ਆਗੂਆਂ ਨੇ ਉਨ੍ਹਾਂ ਦੀ ਪਤਨੀ ਸੁਨੀਤਾ ਰਿੰਕੂ ਨੂੰ ਮੰਗ ਪੱਤਰ ਸੌਂਪਿਆ। ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਮੋਹਨ ਸਿੰਘ ਬੱਲ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆ ਕੇਂਦਰ ਦੀ ਭਾਜਪਾ ਹਕੂਮਤ ਉੱਪਰ ਦਿੱਲੀ ਮੋਰਚੇ ਸਮੇਂ ਕਿਸਾਨ ਆਗੂਆਂ ਨਾਲ ਕੀਤੇ ਸਮਝੌਤੇ ਨੂੰ ਲਾਗੂ ਕਰਨ ਤੋਂ ਭੱਜਣ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਜਿਹੜੀ ਹਕੂਮਤ ਪਹਿਲਵਾਨਾਂ ਨੂੰ ਇੰਨਸਾਫ ਦੇਣ ਦੀ ਬਾਜਾਏ ਆਪਣੀ ਪਾਰਟੀ ਦੇ ਸੰਸਦ ਮੈਂਬਰ ਨੂੰ ਬਚਾਉਣ ਲਈ ਸਾਰੇ ਕਾਨੂੰਨਾਂ ਤੇ ਸੰਵਿਧਾਨ ਦੀਆਂ ਧੱਜੀਆਂ ਉਡਾ ਰਹੀ ਹੈ,ਉਸ ਕੋਲੋਂ ਆਮ ਨਾਗਰਿਕ ਇਨਸਾਫ ਦੀ ਕੀ ਆਸ ਕਰ ਸਕਦਾ ਹੈ। ਕੇਂਦਰੀ ਸਰਕਾਰ ਨੂੰ ਤਾਨਾਸ਼ਾਹੀ ਐਲਾਨਦਿਆ ਉਨ੍ਹਾਂ ਇਸਨੂੰ ਜਾਰਸ਼ਾਹੀ ਵੱਲ ਵੱਧਣ ਵਾਲੀ ਸਰਕਾਰ ਦੱਸਿਆ। ਉਨ੍ਹਾਂ ਕਿਸਾਨਾਂ ਨੂੰ ਲਾਮਬੰਦ ਹੋ ਕੇ ਹੱਕਾਂ ਲਈ ਸੰਘਰਸ਼ ਦੇ ਮੈਦਾਨ ਵਿਚ ਨਿਤਰਨ ਦਾ ਸੱਦਾ ਦਿੱਤਾ। ਜ਼ਿਲ੍ਹਾ ਪ੍ਰੈਸ ਸਕੱਤਰ ਮਨਜੀਤ ਸਿੰਘ ਮਲਸੀਆਂ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਦੇ ਨਾਂਅ ਦਿੱਤੇ ਗਏ ਮੰਗ ਮੰਗ ਪੱਤਰ ਵਿਚ ਦਿੱਲੀ ਅੰਦੋਲਨ ਦੌਰਾਨ ਕਿਸਾਨਾਂ ਨਾਲ ਹੋਏ ਸਮਝੌਤੇ ਨੂੰ ਲਾਗੂ ਕਰਨ,ਸਵਾਮੀਨਾਥਨ ਰਿਪੋਰਟ ਨੂੰ ਲਾਗੂ ਕਰਨ,ਬਿਜਲੀ ਸੋਧ ਬਿੱਲ 2020 ਨੂੰ ਰੱਦ ਕਰਨ,ਫਸਲੀ ਬੀਮਾ ਯੋਜਨਾ ਸ਼ੁਰੂ ਕਰਨ ਅਤੇ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਉੱਪਰ ਦਰਜ ਕੀਤੇ ਝੂਠੇ ਮੁਕੱਦਮੇ ਖਾਰਜ ਕਰਨ ਦੀ ਮੰਗ ਕੀਤੀ ਗਈ। ਇਸ ਮੌਕੇ ਹਰਨੇਕ ਸਿੰਘ ਮਾਲੜੀ ਅਤੇ ਕਈ ਹੋਰ ਕਿਸਾਨ ਆਗੂ ਮੌਜੂਦ ਸਨ।

ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਦੇ ਦੋ ਕੈਡਿਟ ਭਾਰਤੀ ਜਲ ਸੈਨਾ 'ਚ ਸ਼ਾਮਲ

ਮੋਹਾਲੀ, (ਗੁਰਜੀਤ ਬਿੱਲਾ)

ਪੰਜਾਬ ਸਰਕਾਰ ਦੁਆਰਾ ਚਲਾਈ ਜਾ ਰਹੀ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ ਪ੍ਰੈਪਰੇਟਰੀ ਇੰਸਟੀਚਿਊਟ, ਮੋਹਾਲੀ ਦੇ ਦੋ (02) ਕੈਡਿਟ, ਜੋ 7ਵੇਂ ਏ.ਐਫ.ਪੀ.ਆਈ ਕੋਰਸ ਦੇ ਕੈਡਿਟ ਇੰਦਰਬੀਰ ਸਿੰਘ ਅਤੇ ਕੈਡਿਟ ਦਿਵਿਤ ਕਪੂਰ, 27 ਮਈ ਨੂੰ ਇੰਡੀਅਨ ਨੇਵਲ ਅਕੈਡਮੀ, ਇਜੀਮਾਲਾ ਵਿਖੇ ਆਯੋਜਿਤ ਸਾਨਦਾਰ ਪਾਸਿੰਗ ਆਊਟ ਪਰੇਡ (ਪੀ.ਓ.ਪੀ) ਵਿੱਚ ਭਾਰਤੀ ਜਲ ਸੈਨਾ ਵਿੱਚ ਅਫਸਰ ਵਜੋਂ ਨਿਯੁਕਤ ਕੀਤਾ ਗਿਆ। ਪਰੇਡ ਦੀ ਸਮੀਖਿਆ ਮੁੱਖ ਮਹਿਮਾਨ ਵਾਈਸ ਐਡਮਿਰਲ ਪ੍ਰਿਅੰਤਾ ਪਰੇਰਾ, ਆਰਐਸਪੀ, ਯੂਐਸਪੀ, ਐਨਡੀਯੂ, ਪੀਐਸਸੀ, ਸ੍ਰੀਲੰਕਾ ਨੇਵੀ ਦੇ ਕਮਾਂਡਰ ਦੁਆਰਾ ਕੀਤੀ ਗਈ। ਮਹਾਰਾਜਾ ਰਣਜੀਤ ਸਿੰਘ ਏ.ਐਫ.ਪੀ.ਆਈ ਵਿਖੇ ਸਿਖਲਾਈ ਪ੍ਰਾਪਤ ਕਰਕੇ 126 ਅਧਿਕਾਰੀ, ਜੋ ਭਾਰਤ ਦੀ ਰੱਖਿਆ ਸੈਨਾਵਾਂ ਦੇ ਵੱਖ-ਵੱਖ ਵਿੰਗਾਂ ਵਿੱਚ ਕਮਿਸ਼ਨ ਕੀਤੇ ਗਏ ਹਨ। ਇੰਸਟੀਚਿਊਟ ਦੇ 12 ਹੋਰ ਕੈਡਿਟ, ਜੂਨ 2023 ਦੇ ਮਹੀਨੇ ਵਿੱਚ ਕਮਿਸ਼ਨ ਪ੍ਰਾਪਤ ਕਰਨ ਜਾ ਰਹੇ ਹਨ, 10 ਕੈਡਿਟ ਭਾਰਤੀ ਮਿਲਟਰੀ ਅਕੈਡਮੀ ਤੋਂ ਅਤੇ ਦੋ ਏਅਰ ਫੋਰਸ ਅਕੈਡਮੀ ਤੋਂ ਹੋਣਗੇ। ਮਹਾਰਾਜਾ ਰਣਜੀਤ ਸਿੰਘ ਏ.ਐਫ.ਪੀ.ਆਈ ਦੇ ਡਾਇਰੈਕਟਰ ਜਨਰਲ ਮੇਜਰ ਜਨਰਲ ਅਜੇ ਐਚ.ਚੌਹਾਨ, ਵੀਐਸਐਮ ਨੇ ਦੋਵਾਂ ਕੈਡਿਟਾਂ ਨੂੰ ਉਨ੍ਹਾਂ ਦੇ ਕਮਿਸ਼ਨਿੰਗ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਏ.ਐਫ.ਪੀ.ਆਈ ਦੇ ਸੱਚੇ ਪ੍ਰਤੀਨਿਧ ਬਣਨ ਦਾ ਸੱਦਾ ਦਿੱਤਾ।

ਜਲ ਸਪਲਾਈ ਤੇ ਸੈਨੀਟੇਸ਼ਨ ਵਰਕਰ ਯੂਨੀਅਨ ਦੀ 5 ਨੂੰ ਵਿਭਾਗੀ ਮੁਖੀ ਨਾਲ ਮੀਟਿੰਗ

ਕਾਲਾ ਸੰਘਿਆਂ (ਮਨਜੀਤ ਮਾਨ)

ਜਲ ਸਪਲਾਈ ਅਤੇ ਸੈਨੀਟੇਸ਼ਨ ਵਰਕਰ ਯੂਨੀਅਨ ਪੰਜਾਬ (ਰਜਿ:ਨੰ.26) ਜਿਲ੍ਹਾ ਜਲੰਧਰ ਦੀ ਮੀਟਿੰਗ ਜਿਲ੍ਹਾ ਜਨਰਲ ਸਕੱਤਰ ਸ਼ਿੰਦਰਪਾਲ ਸੰਧੂ, ਜਿਲ੍ਹਾ ਪ੍ਰਧਾਨ ਦਫਤਰੀ ਸਟਾਫ ਸਤਨਾਮ ਸਿੰਘ ਦੀ ਅਗਵਾਈ ਹੇਠ ਕੀਤੀ ਗਈ ਜਿਸ ਉਪਰੰਤ ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਥੇ ਵਰਕਰਾਂ ਨੂੰ ਵਿਭਾਗ ਅਧੀਨ ਲਿਆ ਕੇ ਰੈਗੂਲਰ ਕਰਨ ਦੀ ਮੰਗ ਨੂੰ ਲੈ ਕੇ ਜਥੇਬੰਦੀ ਲਗਾਤਾਰ ਸੰਘਰਸ਼ ਦੇ ਮੈਦਾਨ 'ਚ ਹੈ, ਉਥੇ ਹੀ ਜਿਲ੍ਹਾ ਫਤਹਿਗੜ੍ਹ ਵਿਖੇ ਸਰਕਾਰ ਦੇ ਐਮ ਐਲ ਏ ਦੇ ਕਹਿਣ ਤੇ ਪੰਦਰਾਂ ਸਾਲਾਂ ਤੋਂ ਵਿਭਾਗ 'ਚ ਕੰਮ ਕਰਦੇ ਕਾਮੇਂ ਨੂੰ ਵਿਭਾਗੀ ਅਧਿਕਾਰੀਆਂ ਵੱਲੋਂ ਨੌਕਰੀ ਤੋਂ ਫਾਰਗ ਕਰ ਦਿੱਤਾ ਹੈ ਜਿਸ ਨੂੰ ਲੈ ਕੇ ਜਥੇਬੰਦੀ ਨੇ ਐਚ ਓ ਡੀ ਦਫਤਰ ਵਿਭਾਗੀ ਮੁਖੀ ਮੁਹਾਲੀ ਵਿਖੇ ਰੋਸ ਧਰਨਾ ਦੇਣ ਦਾ ਐਲਾਨ ਕੀਤਾ ਸੀ। ਇਸ ਉਪਰੰਤ ਸੂਬਾ ਪ੍ਰਧਾਨ ਜਸਵੀਰ ਸਿੰਘ ਸੀਰਾ ਨੇ ਕਿਹਾ ਕਿ ਜਥੇਬੰਦੀ ਦੇ ਦਬਾਅ ਸਦਕਾ ਵਿਭਾਗੀ ਮੁਖੀ ਵੱਲੋਂ 05/06/2023 ਨੂੰ ਜਥੇਬੰਦੀ ਨੂੰ ਮੀਟਿੰਗ ਦਾ ਸਮਾਂ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਮੀਟਿੰਗ ਦੌਰਾਨ ਸਾਥੀ ਨੂੰ ਬਹਾਲ ਨਹੀਂ ਕੀਤਾ ਜਾਂਦਾ ਜਾਂ ਟਾਲਮਟੋਲ ਦੀ ਨੀਤੀ ਅਪਣਾਈ ਗਈ ਤਾਂ ਜਥੇਬੰਦੀ ਵੱਲੋਂ ਆਰ-ਪਾਰ ਦੇ ਸੰਘਰਸ ਦਾ ਐਲਾਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਵਿਭਾਗੀ ਮੁੱਖੀ ਦੀ ਅਗਵਾਈ ਹੇਠ ਚੁਣੀ ਗਈ ਚੇਅਰਮੈਨਸ਼ਿਪ 5 ਮੈਂਬਰੀ ਕਮੇਟੀ ਵੱਲੋਂ ਜਥੇਬੰਦੀ ਨਾਲ 05/05/2023 ਨੂੰ ਮੀਟਿੰਗ ਕਰਨ ਉਪਰੰਤ ਪ੍ਰੋਪੋਜਲ 'ਤੇ ਵਿਚਾਰ ਚਰਚਾ ਹੋਈ ਸੀ, ਜਿਸ ਉਪਰੰਤ ਪੰਜਾਬ ਸਰਕਾਰ ਨੂੰ ਭੇਜੀ ਜਾਣ ਵਾਲੀ ਵਿਭਾਗੀ ਪ੍ਰਪੋਜਲ ਤੇ ਜਥੇਬੰਦੀ ਨੂੰ 15 ਮਈ ਤੱਕ ਦੁਵਾਰਾ ਮੀਟਿੰਗ ਕਰਨ ਦਾ ਭਰੋਸਾ ਦਿੱਤਾ ਸੀ, ਪਰ ਅਫਸੋਸ ਕਿ 15-16 ਸਾਲਾਂ ਤੋਂ ਲਗਾਤਾਰ ਸੰਘਰਸ਼ ਕਰਦੇ ਕਾਮਿਆਂ ਦੇ ਭਵਿੱਖ ਨੂੰ ਠੰਡੇ ਬਸਤੇ ਪਾ ਕੇ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਟਾਲਮਟੋਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਜਥੇਬੰਦੀ ਨੂੰ ਸਮਾਂ ਦੇ ਕੇ ਜਥੇਬੰਦੀ ਦੀ ਪ੍ਰਪੋਜਲ ਪੰਜਾਬ ਸਰਕਾਰ ਨੂੰ ਨਾ ਭੇਜੀ ਤਾਂ ਜਥੇਬੰਦੀ ਵੱਲੋਂ ਪੰਜਾਬ ਸਰਕਾਰ ਤੇ ਚੁਣੀ ਗਈ ਚੇਅਰਮੈਨਸ਼ਿਪ 5 ਮੈਂਬਰੀ ਕਮੇਟੀ ਖਿਲਾਫ ਜਥੇਬੰਦੀ ਦੀ ਸੂਬਾ ਪੱਧਰੀ ਮੀਟਿੰਗ ਕਰਨ ਉਪਰੰਤ ਤਿਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੂਬਾ ਮੀਤ ਪ੍ਰਧਾਨ ਸੰਦੀਪ ਸਿੰਘ ਕੰਗ, ਵਿੱਤ ਸਕੱਤਰ ਰੇਸ਼ਮ ਸਿੰਘ ਭੋਇਪੁਰ, ਪ੍ਰੈੱਸ ਸਕੱਤਰ ਗੁਰਵਿੰਦਰ ਸਿੰਘ ਲਾਡੀ, ਜੁਆਇੰਟ ਸਕੱਤਰ ਬਲਵੀਰ ਸਿੰਘ ਜੱਕੋਪੁਰ, ਮੀਤ ਪ੍ਰਧਾਨ ਸਾਬ ਸਿੰਘ ਸਾਦਾ, ਆਡਿਟਰ ਭਗਵੰਤ ਸਿੰਘ ਫਾਜਲਵਾਲ, ਮੀਤ ਪ੍ਰਧਾਨ ਜਸਪਾਲ ਬਿੱਲੀ ਚਾਓ ਆਦਿ ਹਾਜ਼ਰ ਸਨ।

ਰਿਆਤ ਬਾਹਰਾ ਕੋਰਡੀਆ ਗਰੁੱਪ ਵੱਲੋਂ ਅਲੂਮਨੀ ਮੀਟ

ਕੁਰਾਲੀ, (ਮੋਹਨ ਅੱਗਰਵਾਲ ਜੋਗਾ)- ਰਿਆਤ ਬਾਹਰਾ-ਕੋਰਡੀਆ ਗਰੁੱਪ ਆਫ਼ ਕਾਲਜਸ ਸੰਘੋਲ ਵੱਲੋਂ ਅਲੂਮਨੀ ਮੀਟ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸਾਬਕਾ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਡਾ. ਸੰਜੀਵ ਕੁਮਾਰ ਪ੍ਰਿੰਸੀਪਲ ਕਿਹਾ ਕਿ ਇਸ ਮੀਟਿੰਗ ਦਾ ਮੁੱਖ ਮਕਸਦ ਸਾਬਕਾ ਵਿਦਿਆਰਥੀਆਂ ਨਾਲ ਮੁੜ ਤੋਂ ਜੁੜਨਾ ਅਤੇ ਉਨ੍ਹਾਂ ਦੀਆਂ ਸਫਲਤਾਵਾਂ ਅਤੇ ਵੱਖ-ਵੱਖ ਪ੍ਰਾਪਤੀਆਂ ਦਾ ਜਸ਼ਨ ਮਨਾਉਣਾ ਹੈ। ਇਹ ਇਵੈਂਟ ਉਤਸ਼ਾਹਜਨਕ ,ਆਨੰਦਦਾਇਕ ਅਤੇ ਲਾਭਦਾਇਕ ਰਿਹਾ ,ਜਿਸ ਵਿੱਚ ਸਾਰੇ ਮੈਂਬਰਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਉਨ੍ਹਾਂ ਦੇ ਜ਼ਰੀਏ ਬਹੁਤ ਸਾਰੇ ਨਵੇਂ ਵਿਚਾਰ ਅਤੇ ਨਵੀਂ ਜਾਣਕਾਰੀ ਸਾਹਮਣੇ ਆਈ। ਇਸ ਮੌਕੇ ਵੱਖ-ਵੱਖ ਖੇਤਰਾਂ ਵਿੱਚ ਮੱਲ੍ਹਾਂ ਮਾਰਨ ਵਾਲੇ ਪੁਰਾਣੇ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਤੋਂ ਪਹਿਲਾਂ ਡਾ. ਹਰਜਿੰਦਰ ਸਿੰਘ ਨੇ ਅਲੂਮਨੀ ਮੈਂਬਰਾਂ ਅਤੇ ਹੋਰ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨਾਲ ਆਪਣੇ ਅਨੁਭਵ ਨੂੰ ਸਾਂਝਾ ਕੀਤਾ। ਇਸ ਦੌਰਾਨ ਅਲੂਮਨੀ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਜ਼ੋਰਾਵਰ ਸਿੰਘ ਨੇ ਆਪਣੇ ਕਰੀਅਰ ਦੀ ਚੰਗੀ ਨੀਂਹ ਰੱਖਣ ਅਤੇ ਸੰਪੂਰਨ ਸ਼ਖਸੀਅਤ ਨੂੰ ਰੂਪ ਦੇਣ ਵਿੱਚ ਆਪਣੇ ਅਧਿਆਪਕਾਂ ਦੀ ਭੂਮਿਕਾ ਦੀ ਸ਼ਲਾਘਾ ਕੀਤੀ। ਇਸ ਮੌਕੇ ਸਾਬਕਾ ਵਿਦਿਆਰਥੀਆਂ ਨੇ ਸ

31-May-PAGE-9.qxd 5/30/2023 10:34 PM Page 1

ਚੋਰਾਂ ਨੇ ਦੁਕਾਨਾਂ ਨੂੰ ਬਣਾਇਆ ਨਿਸ਼ਾਨਾ

ਅੱਡਾ ਸਰਾਂ , (ਕਾਜਲ)-ਚੋਰਾਂ ਨੇ ਬੀਤੀ ਰਾਤ ਅੱਡਾ ਹੁਸੈਨਪੁਰ ਲਾਲੋਵਾਲ-ਸਕਰਾਲਾ ਅਤੇ ਮਸੀਤਪਲ ਕੋਟ ਵਿਖੇ ਦੁਕਾਨਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਨਕਦੀ ਅਤੇ

ਸਮਾਨ ਚੋਰੀ ਕਰ ਲਿਆ। ਚੋਰਾਂ ਨੇ ਹੁਸੈਨਪੁਰ ਲਾਲੋਵਾਲ ਅੱਡੇ ਤੇ ਬਲਜੀਤ ਸਿੰਘ ਪੁੱਤਰ ਬੂਟਾ ਸਿੰਘ ਦੀ ਮਠਿਆਈ ਦੀ ਦੁਕਾਨ ਵਿਚ ਵਾਰਦਾਤ ਨੂੰ ਅੰਜਾਮ ਦਿੰਦੇ ਹੋਏ ਉਸ ਵਿੱਚੋਂ ਲਗਭਗ 10 ਹਜ਼ਾਰ ਰੁਪਏ, ਦੋ ਗੈਸ ਸਲੰਡਰ,ਭੱਠੀਆਂ,ਇਨਵਰਟਰ ਬੈਟਰਾਂ,ਤੇਲ ਦੇ ਟੀਨ ਅਤੇ ਭਾਂਡੇ ਆਦਿ ਸਮਾਨ ਚੋਰੀ ਕਰ ਲਿਆ। ਚੋਰਾਂ ਨੇ ਉਸਦੇ ਨਜ਼ਦੀਕੀ ਕੁਲਵੀਰ ਸਿੰਘ ਪੁੱਤਰ ਸਤਨਾਮ ਸਿੰਘ ਦੀ ਰੈਡੀਮੇਡ ਕਪੜਿਆਂ ਦੀ ਦੁਕਾਨਾਂ ਦਾ ਸ਼ਟਰ ਅਤੇ ਸ਼ੀਸ਼ਾ ਤੋੜ ਕੇ ਚੋਰੀ ਕਰਨ ਦੀ ਕੋਸ਼ਿਸ਼ ਕੀਤੀ। ਅੱਡਾ ਮਸੀਤਪਲਕੋਟ ਵਿਖੇ ਮੀਟ,ਹੇਅਰ ਕਟਿੰਗ,ਵੈਲਡਿੰਗ ਅਤੇ ਨਰਸਰੀ ਵਿਚ ਚੋਰੀ ਕੀਤੀ। ਹੇਅਰ ਕਟਿੰਗ ਦੁਕਾਨ ਚਲਾਉਣ ਵਾਲੇ ਹਰਜੋਤ ਪੁੱਤਰ ਨਿਰਮਲ ਨੇ ਦੱਸਿਆ ਕਿ ਉਸਦੀ ਦੁਕਾਨ ਵਿੱਚੋਂ ਕਟਿੰਗ ਮਸ਼ੀਨਾਂ ਅਤੇ ਕੈਂਚੀਆਂ ਆਦਿ ਸਮਾਨ ਚੋਰੀ ਹੋਇਆ ਹੈ। ਮੀਟ ਸ਼ਾਪ ਦੇ ਰਾਮ ਸਾਬੀ ਨੇ ਦੱਸਿਆ ਕਿ ਉਸਦੇ 8 ਮੁਰਗੇ ਅਤੇ ਔਜਾਰ ਚੋਰੀ ਹੋਏ ਹਨ , ਨਰਸਰੀ ਚਲਾਉਣ ਵਾਲੇ ਪ੍ਰੇਮ ਚੰਦ ਦੇ ਗਮਲੇ ਚੋਰੀ ਹੋਏ ਹਨ ਜਦਕਿ ਇੱਥੇ ਬੰਦ ਪਈ ਵੈਲਡਿੰਗ ਦੀ ਦੁਕਾਨ ਦਾ ਸ਼ਟਰ ਤੋੜਿਆ ਗਿਆ। ਪੁਲਸ ਟੀਮ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਧਾਲੀਵਾਲ ਨੇ ਪ੍ਰਾਜੈਕਟਾਂ ਦੇ ਰੱਖੇ ਨੀਂਹ ਪੱਥਰ

ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)-ਜ ਹਲਕਾ ਆਦਮਪੁਰ ਦੇ 11 ਪਿੰਡਾਂ ਮਾਧੋਪੁਰ, ਭੂੰਦੀਆਂ , ਲੁਹਾਰਾ, ਖੋਜਕੀਪੁਰ, ਨੰਗਲ ਫੀਦਾ, ਪੰਡੋਰੀ ਨਿੱਝਰਾਂ, ਮਾਣਕੋ, ਅਰਜਨਵਾਲ, ਬਿਆਸ, ਕਪੂਰ ਅਤੇ ਹਰੀਪੁਰ ਵਿੱਚ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵਲੋਂ ਵੱਖ ਵੱਖ ਪ੍ਰਾਜੈਕਟਾਂ ਦੇ ਨੀਂਹ ਪੱਥਰ ਰੱਖੇ ਗਏ। ਉਨ੍ਹਾਂ ਦੇ ਨਾਲ ਐਮ.ਪੀ ਸੁਸ਼ੀਲ ਕੁਮਾਰ ਰਿੰਕੂ, ਜੀਤ ਲਾਲ ਭੱਟੀ ਹਲਕਾ ਇੰਚਾਰਜ ਆਦਮਪੁਰ ਅਤੇ ਪਾਰਟੀ ਵਲੰਟੀਅਰ ਸਮੇਤ ਵੱਖ ਵੱਖ ਪਿੰਡਾਂ ਦੇ ਸਰਪੰਚ ਮੌਜੂਦ ਸਨ।

ਡਿਪਸ ਕਾਲਜ ਦੇ ਵਿਦਿਆਰਥੀਆਂ ਨੇ 90 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ

ਜਲੰਧਰ (ਇਕਬਾਲ ਸਿੰਘ ਉੱਭੀ)-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਜਾਰੀ ਬੀ.ਐਡ ਤੀਜੇ ਸਮੈਸਟਰ ਦੀ ਪ੍ਰੀਖਿਆ ਵਿੱਚ ਡਿਪਸ ਕਾਲਜ ਆਫ ਐਜੂਕੇਸ਼ਨ ਰਾਡਾ ਮੋੜ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਚੰਗੇ ਅੰਕ ਪ੍ਰਾਪਤ ਕੀਤੇ। ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਡਾ: ਜੋਤੀ ਗੁਪਤਾ ਨੇ ਦੱਸਿਆ ਕਿ ਕਵਿਤਾ, ਕੁਲਜੀਤ ਕੌਰ, ਸਿਮਰਨਜੀਤ ਕੌਰ ਨੇ 93.66 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਅਨੁਪਮਾ ਕਪਿਲਾ ਨੇ 92.33 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ, ਕੰਵਲਜੀਤ ਕੌਰ ਨੇ 91 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਐਮ ਡੀ ਤਰਵਿੰਦਰ ਸਿੰਘ ਅਤੇ ਸੀਈਓ ਮੋਨਿਕਾ ਮੰਡੋਤਰਾ ਨੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ, ਉਨ੍ਹਾਂ ਨੂੰ ਆਉਣ ਵਾਲੀਆਂ ਪ੍ਰੀਖਿਆਵਾਂ ਵਿੱਚ ਵੀ ਵਧੀਆ ਪ੍ਰਦਰਸ਼ਨ ਕਰਨ ਅਤੇ ਚੰਗੇ ਅੰਕ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ।

ਸਰਕਾਰੀ ਹਾਈ ਸਕੂਲ ਰਹੀਮਪੁਰ ਦਾ ਨਤੀਜਾ ਸੌ ਫੀਸਦੀ

ਕਾਲਾ ਸੰਘਿਆਂ (ਮਨਜੀਤ ਮਾਨ) ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਜਮਾਤ ਦਾ ਨਤੀਜੇ ਵਿੱਚ ਸਰਕਾਰੀ ਹਾਈ ਸਕੂਲ ਰਹੀਮਪੁਰ ਦਾ ਨਤੀਜਾ ਸੌ ਫੀਸਦੀ ਰਿਹਾ। ਸਕੂਲ ਦੇ ਮੁੱਖ ਅਧਿਆਪਕਾ ਸ੍ਰੀਮਤੀ ਰੇਨੂੰ ਬਾਲਾ ਨੇ ਦੱਸਿਆ ਕਿ ਦਸਵੀਂ ਜਮਾਤ ਵਿੱਚ ਹਰਪ੍ਰੀਤ ਨੇ ਪਹਿਲਾ , ਪ੍ਰਿਅੰਕਾ ਨੇ ਦੂਸਰਾ ਤੇ ਹਰੂਨ ਕੁਮਾਰ ਨੇ ਤੀਸਰਾ ਸਥਾਨ ਹਾਸਿਲ ਕੀਤਾ। ਇਸ ਮੌਕੇ ਮੁੱਖ ਅਧਿਆਪਕਾ ਸ੍ਰੀਮਤੀ ਰੇਨੂੰ ਬਾਲਾ , ਜਯੋਤੀ ਕੁਮਾਰੀ ਹਿੰਦੀ ਮਿਸਟ੍ਰੈਸ ,ਸਵੇਤਾ ਗੁਪਤਾ ਸਾਇੰਸ ਮਿਸਟ੍ਰੈਸ , ਹਰਪ੍ਰੀਤ ਮੈਥ ਮਿਸਟ੍ਰੈਸ ,ਰਮਨ ਜੋਸੀ ਇੰਗਲਿਸ਼ ਮਾਸਟਰ ,ਸੁਮਿਤ ਮਹਿਤਾ ਕੰਪਿਊਟਰ ਅਧਿਆਪਕ , ਸੁਰਿੰਦਰ ਸਿੰਘ ਸੰਘਾ , ਸਤਵਿੰਦਰ ਸਿੰਘ ਕੁਲਾਰ, ਅਮਨਦੀਪ ਸਿੰਘ , ਮਾਸਟਰ ਕੁਲਵੀਰ ਸਿੰਘ , ਹਰਪ੍ਰੀਤ ਕੌਰ ,ਸੁਮਿਤ ਕੁਮਾਰ ਤੇ ਰਮਨ ਕੁਮਾਰ ਨੇ ਪੜ੍ਹਾਈ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

ਰੜਾ ਮੋੜ ਨਜ਼ਦੀਕ ਚੱਲਦੇ ਟਰੱਕ ਨੂੰ ਲੱਗੀ ਅੱਗ

ਟਾਂਡਾ ਉਡਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)- ਦੁਪਹਿਰ ਕਰੀਬ 12:30 ਵਜੇ ਸ੍ਰੀ ਹਰਗੋਬਿੰਦਪੁਰ ਰੋਡ 'ਤੇ ਪਿੰਡ ਰੜਾ ਨੇੜੇ ਇਕ ਚਲਦੇ ਟਰੱਕ ਨੂੰ ਅਚਾਨਕ ਅੱਗ ਲੱਗ ਗਈ । ਡਰਾਈਵਰ ਦਾ ਕੈਬਿਨ ਅਤੇ ਟਰੱਕ ਦਾ ਇੰਜਣ ਬੁਰੀ ਤਰ੍ਹਾਂ ਸੜ ਕੇ ਸੁਆਹ ਹੋ ਗਿਆ। ਟਰੱਕ ਡਰਾਈਵਰ ਲਖਬੀਰ ਸਿੰਘ ਪੁੱਤਰ ਕਰਨੈਲ ਸਿੰਘ ਨੇ ਦੱਸਿਆ ਕਿ ਉਹ ਵਿਧਾਇਕ ਰਾਣਾ ਗੁਰਜੀਤ ਸਿੰਘ ਦੀ ਸ਼ੁੱਟਰ ਸ਼ੂਗਰ ਮਿੱਲ ਖਡੂਰ ਸਾਹਿਬ ਤੋਂ ਚੁਕੰਦਰ ਲੈਣ ਲਈ ਹੁਸ਼ਿਆਰਪੁਰ ਜਾ ਰਿਹਾ ਸੀ ਕਿ ਪਿੰਡ ਰੜਾ ਨੇੜੇ ਅਚਾਨਕ ਟਰੱਕ ਨੂੰ ਅੱਗ ਲੱਗ ਗਈ। ਰਾਹਗੀਰਾਂ ਤੇ ਪਿੰਡ ਵਾਸੀਆਂ ਦੀ ਮਦਦ ਨਾਲ ਉਨ੍ਹਾਂ ਨੇ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਪਰ ਅੱਗ ਨੇ ਟਰੱਕ ਨੂੰ ਆਪਣੀ ਚਪੇਟ ਚ ਪੂਰੀ ਤਰਾਂ ਲੈ ਲਿਆ । ਟਾਂਡਾ ਤੋਂ ਫਾਇਰ ਬ੍ਰਿਗੇਡ ਦੀ ਗੱਡੀ ਨੇ ਮੌਕੇ 'ਤੇ ਪਹੁੰਚ ਕੇ ਅੱਗ 'ਤੇ ਕਾਬੂ ਪਾਇਆ। ਟਾਂਡਾ ਪੁਲਸ ਨੇ ਮੌਕੇ ਤੇ ਪਹੁੰਚ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ।

ਸੇਂਟ ਸੋਲਜਰ ਗਰੁੱਪ ਦੇ ਫਾਊਂਡਰ ਪ੍ਰੈਜ਼ੀਡੈਂਟ ਆਰ ਸੀ ਚੋਪੜਾ ਦੀ ਬਰਸੀ ਮਨਾਈ

ਜਲੰਧਰ, (ਨਵਾਂ ਜ਼ਮਾਨਾ ਸਰਵਿਸ) ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨ ਦੇ ਸੰਸਥਾਪਕ ਸਵ. ਆਰ.ਸੀ ਚੋਪੜਾ ਦੀ 15ਵੀਂ ਬਰਸੀ ਕੁਸ਼ਟ ਆਸ਼ਰਮ ਵਿੱਚ ਮਨਾਈ ਗਈ। ਇਸ ਮੌਕੇ ਆਰ ਸੀ ਚੋਪੜਾ ਦੇ ਬੇਟੇ ਅਨਿਲ ਚੋਪੜਾ (ਚੇਅਰਮੈਨ ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨ), ਨੂੰਹ ਸ਼੍ਰੀਮਤੀ ਸੰਗੀਤਾ ਚੋਪੜਾ (ਵਾਇਸ ਚੇਅਰਪਰਸਨ), ਛੋਟੇ ਬੇਟੇ ਸੁਨੀਲ ਚੋਪੜਾ (ਚੇਅਰਮੈਨ ਸੈਕ੍ਰੇਡ ਹਾਰਟ) ਅਤੇ ਸੇਂਟ ਸੋਲਜਰ ਇੰਟਰ ਕਾਲਜ ਪ੍ਰਿੰਸੀਪਲ ਮਨਗਿੰਦਰ ਸਿੰਘ, ਸਟਾਫ ਮੈਂਬਰਸ ਅਤੇ ਵਿਦਿਆਰਥੀ ਮੌਜੂਦ ਰਹੇ। ਸਭ ਨੇ ਮਿਲਕੇ ਸਵ. ਆਰ ਸੀ ਚੋਪੜਾ ਦੀ ਪ੍ਰਤਿਮਾ 'ਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਆਸ਼ਰਮ ਦੇ ਰੋਗੀਆਂ ਲਈ ਲੰਗਰ ਲਗਾਇਆ ਗਿਆ। ਜ਼ਿਕਰਯੋਗ ਹੈ ਕਿ ਸਵ.ਸ਼੍ਰੀ ਆਰ ਸੀ ਚੋਪੜਾ ਦੀ ਯਾਦ ਵਿੱਚ ਹਰ ਮਹੀਨੇ ਕੁਸ਼ਟ ਆਸ਼ਰਮ ਦੇ ਰੋਗੀਆਂ ਲਈ ਰਾਸ਼ਨ, ਰੋਜ਼ਾਨਾ ਦੁੱਧ, ਹਰ ਸਾਲ 1 ਲੱਖ ਦੀ ਡੋਨੇਸ਼ਨ, ਹੋਰ ਮਦਦ ਦਾ ਸਾਮਾਨ ਦਿੱਤਾ ਜਾਂਦਾ ਹੈ ਅਤੇ ਹਰ ਖਾਸ ਤਿਉਹਾਰ ਵੀ ਇਨ੍ਹਾਂ ਦੇ ਨਾਲ ਮਨਾਇਆ ਜਾਂਦਾ ਹੈ।

ਚਾਂਦਪੁਰ ਤੇ ਬੂਥਗੜ੍ਹ 'ਚ ਮਕਾਨਾਂ ਦੀ ਮੁਰੰਮਤ ਲਈ ਚੈੱਕ ਵੰਡੇ

ਕੁਰਾਲੀ (ਮੋਹਨ ਅੱਗਰਵਾਲ ਜੋਗਾ):- ਮੈਡਮ ਅਨਮੋਲ ਗਗਨ ਮਾਨ ਮਾਜਰੀ ਦੀ ਟੀਮ ਵੱਲੋਂ ਪਿੰਡ ਚੰਦਪੁਰ ਅਤੇ ਬੂਥਗੜ ਵਿੱਚ ਮਕਾਨਾਂ ਦੀ ਮੁਰੰਮਤ ਲਈ ਵਿਵੇਕੀ ਗ੍ਰਾਂਟ ਦੇ ਚੈੱਕ ਪਿੰਡ ਵਿੱਚ ਜਾ ਕੇ ਦਿੱਤੇ ਗਏ। ਮੈਡਮ ਦੇ ਭਰਾ ਨਵਦੀਪ ਸਿੰਘ ਮਾਨ ਸ਼ੁਭਮ ਗਿਰੀ ਸਰਕਲ ਪ੍ਰਧਾਨ ਅਤੇ ਅਮਨਦੀਪ ਸਿੰਘ ਬੂਥਗੜ ਵੱਲੋਂ ਵਿਸ਼ੇਸ਼ ਤੌਰ 'ਤੇ ਪਿੰਡ ਵਾਸੀਆਂ ਦੀ ਮੱਦਦ ਕਰਨ ਲਈ ਧੰਨਵਾਦ ਕੀਤਾ ਗਿਆ। ਇਸ ਮੌਕੇ ਪਿੰਡ ਚੰਦਪੁਰ ਤੋਂ ਲੰਬੜਦਾਰ ਤਿਲਕਰਾਜ, ਪੰਚ ਪਰਮਜੀਤ ਕੌਰ, ਰਾਮਨਾਥ , ਅਸ਼ੋਕ ਅਤੇ ਭਗਤ ਸਿੰਘ ਤੇ ਪਿੰਡ ਬੂਥਗੜ ਤੋਂ ਸਾਬਕਾ ਸਰਪੰਚ ਗੁਰਮੇਲ ਸਿੰਘ ,ਗੁਰਦੀਪ ਸਿੰਘ ,ਮਾਨ ਸਿੰਘ ਆਦਿ ਹਾਜ਼ਰ ਸਨ।

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਭੇਟ ਕੀਤੀ ਐਂਬੂਲੈਂਸ

ਮਾਹਿਲਪੁਰ, (ਸਫਰੀ) ਸ਼੍ਰੀ ਖੁਰਾਲਗੜ੍ਹ ਸਾਹਿਬ ਵਿੱਚ ਲਗਾਤਾਰ ਹੋ ਰਹੇ ਸੜਕ ਹਾਦਸਿਆਂ ਤੋਂ ਬਚਾਓ ਅਤੇ ਸ਼ਰਧਾਲੂਆਂ ਦੀ ਸਹੂਲਤ ਲਈ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵਲੋਂ ਸ਼੍ਰੀ ਖੁਰਾਲਗੜ੍ਹ ਸਾਹਿਬ ਤਪ ਅਸਥਾਨ ਦੀ ਪ੍ਰਬੰਧਕ ਕਮੇਟੀ ਨੂੰ ਨਵੀਂ ਐਂਬੂਲੈਂਸ ਭੇਟ ਕੀਤੀ ਗਈ। ਟਰੱਸਟ ਦੇ ਚੇਅਰਮੈਨ ਡਾ. ਐਸ ਪੀ ਸਿੰਘ ਓਬਰਾਏ ਨੇ ਚਾਬੀਆਂ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਵਲੋਂ ਪ੍ਰਧਾਨ ਭਾਈ ਕੇਵਲ ਸਿੰਘ ਨੂੰ ਭੇਟ ਕੀਤੀਆਂ ਗਈਆਂ। ਇਸ ਮੌਕੇ 'ਤੇ ਮੰਤਰੀ ਬ੍ਰਹਮ ਸ਼ੰਕਰ ਜਿੰਪਾ,ਆਗਿਆ ਪਾਲ ਸਿੰਘ,ਦੁਰਗੇਸ਼ ਜੰਡੀ, ਪ੍ਰਬੰਧਕ ਕਮੇਟੀ ਤਪ ਅਸਥਾਨ ਸ਼੍ਰੀ ਖੁਰਾਲਗੜ੍ਹ ਸਾਹਿਬ ਦੇ ਪ੍ਰਧਾਨ ਭਾਈ ਕੇਵਲ ਸਿੰਘ,ਚੇਅਰਮੈਨ ਡਾ ਕੁਲਵਰਨ ਸਿੰਘ,ਕੈਸ਼ੀਅਰ ਹਰਭਜਨ ਸਿੰਘ,ਸੀਨੀਅਰ ਕੈਸ਼ੀਅਰ ਬਾਬਾ ਸੁੱਖਦੇਵ ਸਿੰਘ,ਮੱਖਣ ਸਿੰਘ ਵਾਹਿਦਪੁਰੀ,ਸਰਪੰਚ ਰੋਸ਼ਨ ਲਾਲ,ਹੈੱਡ ਗ੍ਰੰਥੀ ਬਾਬਾ ਨਰੇਸ਼ ਸਿੰਘ,ਬਿੰਦਰ ਸਿੰਘ,ਸਤਪਾਲ ਸਿੰਘ ਹਾਜਰ ਸਨ।

ਐਸ ਡੀ ਕਾਲਜ ਦੀ ਸਾਬਕਾ ਵਿਦਿਆਰਥਣ ਜੋਤਿਕਾ ਤਾਂਗੜੀ ਨੂੰ ਦਾਦਾ ਸਾਹਿਬ ਫਾਲਕੇ ਪੁਰਸਕਾਰ

ਜਲੰਧਰ (ਇਕਬਾਲ ਸਿੰਘ ਉੱਭੀ) — ਪੀ.ਸੀ.ਐਮ.ਐਸ.ਡੀ ਕਾਲਜ ਫਾਰ ਵੂਮੈਨ, ਜਲੰਧਰ ਦੀ ਵਿਦਿਆਰਥਣ ਜੋਤਿਕਾ ਤਾਂਗੜੀ ਨੂੰ ਸਰਵੋਤਮ ਪਲੇਅਬੈਕ ਗਾਇਕਾ ਲਈ ਦਾਦਾ ਸਾਹਿਬ ਫਾਲਕੇ ਫਿਲਮ ਫਾਊਂਡੇਸ਼ਨ ਅਵਾਰਡ 2023 ਦੇ ਰੂਪ ਵਿੱਚ ਹਰ ਸਮੇਂ ਦਾ ਸਭ ਤੋਂ ਪ੍ਰਸਿੱਧ ਸਨਮਾਨ ਪ੍ਰਾਪਤ ਹੋਇਆ ਹੈ। ਜੋਤਿਕਾ ਨੇ 17 ਵੱਖ-ਵੱਖ ਭਾਸ਼ਾਵਾਂ ਵਿੱਚ ਆਪਣੇ ਸੁਰੀਲੇ ਗਾਣੇ ਗਾਏ ਅਤੇ ਕਾਲਜ ਦੇ ਇੱਕ ਸਮਾਗਮ ਵਿੱਚ ਬੇਮਿਸਾਲ ਪ੍ਰਦਰਸ਼ਨ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ।

ਇਸ ਮਾਣਮੱਤੇ ਸਾਬਕਾ ਵਿਦਿਆਰਥੀ ਨੇ 'ਹਰੀਵੱਲਭ ਸੰਗੀਤ ਸੰਮੇਲਨ' ਅਤੇ ਕਈ ਹੋਰ ਗਾਇਨ ਮੁਕਾਬਲਿਆਂ 'ਚ ਆਪਣੀ ਕਾਬਲੀਅਤ ਦਾ ਸਬੂਤ ਦਿੱਤਾ ਹੈ। ਸੰਗੀਤ ਉਦਯੋਗ ਵਿੱਚ ਇੱਕ ਮਾਪਦੰਡ ਸਥਾਪਤ ਕਰਨ ਤੋਂ ਇਲਾਵਾ, ਉਸਨੇ ਅਕਾਦਮਿਕ ਵਿੱਚ ਵੀ ਆਪਣੀ ਪਛਾਣ ਬਣਾਈ ਹੈ। ਉਸਨੇ ਬੀ.ਏ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਯੂਨੀਵਰਸਿਟੀ ਦੇ ਯੁਵਕ ਮੇਲਿਆਂ ਵਿੱਚ ਸਾਡੀ ਸੰਸਥਾ ਦੀ ਨੁਮਾਇੰਦਗੀ ਕਰਦੇ ਹੋਏ ਇੱਕ ਤਾਜ ਦਾ ਗਹਿਣਾ ਰਹੀ ਹੈ।

ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕੀ ਕਮੇਟੀ ਦੇ ਮੈਂਬਰ ਪ੍ਰਿੰਸੀਪਲ ਪ੍ਰੋ.(ਡਾ.) ਪੂਜਾ ਪਰਾਸ਼ਰ ਅਤੇ ਫੈਕਲਟੀ ਮੈਂਬਰਾਂ ਨੇ ਵਿਦਿਆਰਥਣ ਅਤੇ ਉਸਦੀ ਮਾਤਾ ਸ੍ਰੀਮਤੀ ਨੀਲਮ ਰਾਣੀ ਨੂੰ ਸਨਮਾਨਤ ਕੀਤਾ।

28ਵਾਂ ਯੂਨੀਵਰਸਲ ਵਿਰਾਸਤੀ ਅਖਾੜਾ ਯਾਦਗਾਰੀ ਹੋ ਨਿੱਬੜਿਆ

ਮੋਹਾਲੀ (ਗੁਰਜੀਤ ਬਿੱਲਾ) - ਯੂਨੀਵਰਸਲ ਆਰਟ ਐਂਡ ਕਲਚਰ ਵੈਲਫੇਅਰ ਸੁਸਾਇਟੀ (ਰਜਿ:) ਮੋਹਾਲੀ ਵਲੋਂ ਲੱਚਰ ਤੇ ਹਥਿਆਰੀ ਗਾਇਕੀ ਦੇ ਵਿਰੋਧ ਵਿਚ ਚਲਾਏ ਗਏ ਵਿਰਾਸਤੀ ਅਖਾੜੇ ਦੀ ਲੜੀ ਵਿੱਚ 28ਵੇਂ ਯੂਨੀਵਰਸਲ ਵਿਰਾਸਤੀ ਅਖਾੜੇ ਦੀ ਪੇਸ਼ਕਾਰੀ ਸ਼ੋਅਮੈਨ ਇਵੈਂਟ ਇੰਟਰਟੇਨਮੈਂਟ ਐਂਡ ਪ੍ਰੋਡਕਸ਼ਨ ਹਾਊਸ ਕੈਨੇਡਾ, ਮਿਲਕੀ ਵੇਅ ਇਮੀਗ੍ਰੇਸ਼ਨ ਕੈਨੇਡਾ ਤੇ ਇਪਟਾ ਮੋਹਾਲੀ ਦੇ ਸਹਿਯੋਗ ਨਾਲ ਕੀਤੀ ਗਈ । ਇਹ ਅਖਾੜਾ ਇਪਟਾ ਦੇ 80ਵੇਂ ਸਥਾਪਨਾ ਦਿਵਸ ਨੂੰ ਸਮਰਪਿਤ ਕੀਤਾ ਗਿਆ। ਜਿਸ ਵਿਚ ਲੋਕ ਗਾਇਕੀ ਦੇ ਰੰਗਾਂ ਤੋਂ ਇਲਾਵਾ ਵਿਰਾਸਤੀ ਤੇ ਸੱਭਿਆਚਾਰਕ ਲੋਕ ਨਾਚਾਂ ਦੀ ਪੇਸ਼ਕਾਰੀ ਵੀ ਕੀਤੀ ਗਈ। ਇਸ ਅਖਾੜੇ ਵਿੱਚ ਸੰਜੀਵ ਵਸ਼ਿਸ਼ਟ ਜ਼ਿਲ੍ਹਾ ਪ੍ਰਧਾਨ ਬੀ ਜੇ ਪੀ ਮੋਹਾਲੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਕੈਨੇਡਾ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੀ ਲੋਕ ਰੰਗ ਕਲਾ ਪ੍ਰੇਮੀ ਮਨਵੀਰ ਕੌਰ , ਫੋਕਲੋਰ ਫ਼ੇਟਰਨਿਟੀ ਫੈਡਰੇਸ਼ਨ ਦੇ ਪ੍ਰਧਾਨ ਦਵਿੰਦਰ ਜੁਗਨੀ ਸਟੇਟ ਐਵਾਰਡੀ ਅਤੇ ਰਾਸ਼ਟਰਪਤੀ ਐਵਾਰਡੀ ਬਲਕਾਰ ਸਿੱਧੂ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਅਖਾੜੇ ਦਾ ਮੰਚ ਸੰਚਾਲਨ ਅਲਗੋਜ਼ਾ ਉਸਤਾਦ ਕਰਮਜੀਤ ਸਿੰਘ ਬੱਗਾ ਸਟੇਟ ਅਵਾਰਡੀ ਵਲੋਂ ਕੀਤਾ ਗਿਆ।

ਅਖਾੜੇ ਦੀ ਸ਼ੁਰੂਆਤ ਵਿੱਚ ਸ਼ਹੀਦ ਬਾਬਾ ਦੀਪ ਸਿੰਘ ਗੱਤਕਾ ਅਖਾੜਾ ਮੋਹਾਲੀ ਵਲੋਂ ਕੀਤੀ ਗਈ। ਗਾਇਕ ਅੰਮ੍ਰਿਤ ਭਿੰਡਰ ਵਲੋਂ ਵਾਰ ਬਾਬਾ ਬੰਦਾ ਸਿੰਘ ਬਹਾਦਰ ਗਾ ਕੇ ਦਰਸ਼ਕਾਂ ਦੀ ਵਾਹਵਾਹੀ ਖੱਟੀ। ਬਹਾਦਰ ਸਿੰਘ ਗੀਤਕਾਰ ਵੱਲੋਂ ਗੀਤ ਵੱਡੀ ਭੈਣ ਸੁਣਾ ਕੇ ਦਰਸ਼ਕਾਂ ਨੂੰ ਭਾਵੁਕ ਕਰ ਦਿੱਤਾ। ਉਸਤਾਦ ਆਤਮਜੀਤ ਸਿੰਘ ਦੀ ਨਿਰਦੇਸ਼ਨਾ ਹੇਠ ਨੌਜਵਾਨਾ ਵੱਲੋਂ ਲੋਕ ਨਾਚ ਝੂੰਮਰ ਦੀ ਪੇਸ਼ਕਾਰੀ ਬਕਮਾਲ ਰਹੀ । ਲੋਕ ਗਾਇਕ ਸੁੱਖੀ, ਨੇਤਰਪ੍ਰੀਤ ਸਿੰਘ, ਆਰ ਵੀ ਸਿੰਘ ਦੇ ਗੀਤਾਂ ਨੂੰ ਵੀ ਦਰਸ਼ਕਾਂ ਵੱਲੋਂ ਸਰਾਹਿਆ ਗਿਆ। ਲੋਕ ਗਾਇਕ ਤੇ ਭੰਗੜਾ ਕੋਚ ਗੈਰੀ ਗਿੱਲ ਵਲੋਂ ਤਿਆਰ ਬੱਚਿਆਂ ਦੇ ਭੰਗੜੇ ਨੇ ਅਖਾੜੇ ਨੂੰ ਚਾਰ ਚੰਨ ਲਗਾ ਦਿੱਤੇ। ਚੰਨੀ ਸੱਭਿਆਚਾਰਕ ਮੰਚ ਵ

31-MAY-PAGE-10.qxd 5/30/2023 10:10 PM Page 1

ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਨਹਿਰੀ ਵਿਭਾਗ ਦੇ ਦਫਤਰ 'ਚ ਧਰਨਾ

ਫਾਜ਼ਿਲਕਾ (ਕ੍ਰਿਸ਼ਨ ਸਿੰਘ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਨਹਿਰੀ ਵਿਭਾਗ ਦੇ ਦਫਤਰ ਫਾਜ਼ਿਲਕਾ 'ਚ ਧਰਨਾ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾ ਆਗੂ ਜਗਦੀਸ਼ ਸਿੰਘ ਮਨਸਾ ਨੇ ਕਿਹਾ ਕਿ ਇਸ ਵੇਲੇ ਕਿਸਾਨਾਂ ਵੱਲੋਂ ਝੋਨੇ ਦੀ ਫਸਲ ਦੀ ਬਿਜਾਈ ਦਾ ਕੰਮ ਲਗਭਗ ਸ਼ੁਰੂ ਹੋਣ ਵਾਲਾ ਹੈ, ਪਰ ਅਜੇ ਤੱਕ ਵਿਭਾਗ ਵੱਲੋਂ ਬਹੁਤੀਆਂ ਨਹਿਰਾਂ ਦੀ ਸਫਾਈ ਨਹੀਂ ਕਰਵਾਈ ਗਈ। ਉਨ੍ਹਾ ਕਿਹਾ ਕਿ ਇਹ ਸਭ ਨਹਿਰੀ ਵਿਭਾਗ ਦੀ ਨਲਾਇਕੀ ਦਾ ਹੀ ਨਤੀਜਾ ਹੈ ਕਿ ਵਿਭਾਗ ਵੱਲੋਂ ਹੁਣ ਤੱਕ ਨਹਿਰਾਂ ਦੀ ਸਫਾਈ ਕਰਵਾਉਣ ਦੇ ਕੰਮ ਵਿੱਚ ਢਿੱਲ ਵਰਤੀ ਜਾ ਰਹੀ ਹੈ, ਜਿਸ ਕਾਰਨ ਕਿਸਾਨਾਂ ਨੂੰ ਕਾਫੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾ ਕਿਹਾ ਕਿ ਜਿਸ ਦੇ ਚਲਦਿਆਂ ਉਨ੍ਹਾਂ ਵੱਲੋਂ ਦਿਨ ਰਾਤ ਤਿੰਨ ਦਿਨਾਂ ਧਰਨਾ ਸ਼ੁਰੂ ਕੀਤਾ ਗਿਆ ਹੈ।

ਉਨ੍ਹਾਂ ਆਪਣੀਆਂ ਮੰਗਾਂ ਬਾਰੇ ਦੱਸਦਿਆਂ ਕਿਹਾ ਕਿ ਪੰਜਾਬ ਦੀ ਸਾਰੀ ਵਾਹੀਯੋਗ ਜ਼ਮੀਨ ਨੂੰ ਨਹਿਰੀ ਪਾਣੀ ਲਾਉਣ ਲਈ ਵੱਡੇ ਨਹਿਰੀ ਸਿਚਾਈ ਸਰਕਾਰੀ ਬਜਟ ਜੁਟਾਏ ਜਾਣ, ਨਦੀਆਂ ਨਹਿਰਾਂ ਸੂਏ ਰਜਬਾਹੇ, ਖਾਲ ਕੱਢੇ ਜਾਣ, ਪੰਜਾਬ ਵਿੱਚ ਖੁਰਦ ਬੁਰਦ ਕੀਤਾ ਗਿਆ 7.8 ਲੱਖ ਮਿਲੀਅਨ ਏਕੜ ਫੁੱਟ ਪਾਣੀ ਬਾਰੇ ਪੰਜਾਬ ਵਾਸੀਆਂ ਨੂੰ ਦੱਸਿਆ ਜਾਵੇ, ਕਿਸਾਨਾਂ ਨੂੰ ਨਹਿਰੀ ਪਾਣੀ ਟੇਲਾਂ ਤੱਕ ਪੁੱਜਦਾ ਕਰਨ ਲਈ ਅੰਡਰਗਰਾਉਂਡ ਪਾਈਪ ਲਾਈਨਾਂ ਵਿਛਾਈਆਂ ਜਾਣ, ਨਹਿਰੀ ਪਾਣੀ ਦੀ ਮਾਤਰਾ ਦੁੱਗਣੀ ਕੀਤੀ ਜਾਵੇ। ਇਸ ਦੇ ਨਾਲ ਹੀ ਧਰਤੀ ਹੇਠ ਪਾਣੀ ਰਿਚਾਰਜਿੰਗ ਕਰਨ ਲਈ ਹਰੇਕ ਮੋਘੇ ਦਾਹਨ ਕੋਲ ਬੋਰਵੈੱਲ ਤਿਆਰ ਕੀਤਾ ਜਾਵੇ। ਜਦੋਂ ਖੇਤੀ ਨੂੰ ਪਾਣੀ ਦੀ ਲੋੜ ਨਾ ਹੋਵੇ ਤਾਂ ਇਨ੍ਹਾਂ ਬੋਰਵੈੱਲਾਂ ਰਾਹੀਂ ਧਰਤੀ ਹੇਠ ਪਾਣੀ ਪਾਇਆ ਜਾਵੇ। ਪਹਿਲਾਂ ਬਣੇ ਖੂਹਾਂ ਨੂੰ ਚਾਲੂ ਕਰਕੇ ਧਰਤੀ ਹੇਠ ਪਾਣੀ ਪਾਉਣ ਲਈ ਵਰਤਿਆ ਜਾਵੇ। ਬਰਸਾਤੀ ਪਾਣੀ ਦੀ ਸਾਂਭ-ਸੰਭਾਲ ਕਰਕੇ ਡਰੇਨਾਂ ਉੱਤੇ ਚੈੱਕ ਡੈਮ ਬਣਾਏ ਜਾਣ ਤਾਂ ਜੋ ਲੋੜ ਪੈਣ 'ਤੇ ਪਾਣੀ ਖੇਤੀ ਲਈ ਵਰਤਿਆ ਜਾ ਸਕੇ। ਸ਼ਹਿਰਾਂ, ਕਸਬਿਆਂ, ਪਿੰਡਾਂ ਦੇ ਸੀਵਰੇਜ ਦਾ ਪਾਣੀ ਟਰੀਟਮੈਂਟ ਕਰਕੇ ਖੇਤੀ ਲਈ ਵਰਤਿਆ ਜਾਵੇ। ਪੰਜਾਬ ਦੇ ਪਾਣੀਆਂ ਦੀ ਦੂਜੇ ਰਾਜ ਨਾਲ ਵੰਡ ਪ੍ਰਵਾਨਿਤ ਵਿਗਿਆਨਕ ਸਿਧਾਂਤਾਂ ਅਨੁਸਾਰ ਰਿਪੇਰੀਅਨ ਰਾਜ ਬੋਸਨ ਰਾਜ ਸਿਧਾਂਤ ਅਨੁਸਾਰ ਅੰਤਰਰਾਸ਼ਟਰੀ ਰਿਪੇਰੀਅਨ ਕਾਨੂੰਨ ਮੁਤਾਬਕ ਕੀਤੀ ਜਾਵੇ। ਪੇਂਡੂ ਜਲ ਸਪਲਾਈ ਦਾ ਢਾਂਚਾ ਮਜ਼ਬੂਤ ਕਰਕੇ ਸਰਕਾਰ ਵੱਲੋਂ ਸਾਰੇ ਲੋਕਾਂ ਨੂੰ ਸ਼ੁੱਧ ਪਾਣੀ ਮੁਹੱਈਆ ਕਰਵਾਉਣ ਦੀ ਜ਼ਿੰਮੇਦਾਰੀ ਨਿਭਾਈ ਜਾਵੇ।

ਲੋਕ ਭਲਾਈ ਸਕੀਮਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ : ਕਟਾਰੀਆ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਦੇ ਡਾਇਰੈਕਟਰ ਸ਼੍ਰੀਮਤੀ ਮਾਧਵੀ ਕਟਾਰੀਆ ਨੇ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ 'ਚ ਸਬੰਧਤ ਵਿਭਾਗ ਦੇ ਅਧਿਕਾਰੀਆਂ ਨਾਲ ਇੱਕ ਵਿਸ਼ੇਸ਼ ਬੈਠਕ ਕੀਤੀ। ਇਸ ਮੌਕੇ ਉਨ੍ਹਾਂ ਵੱਲੋਂ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੰਦਿਆਂ ਅਧਿਕਾਰੀਆਂ ਕੋਲੋਂ ਲੋੜੀਂਦੇ ਸੁਝਾਅ ਵੀ ਲਏ ਗਏ। ਬੈਠਕ ਦੀ ਪ੍ਰਧਾਨਗੀ ਕਰਦਿਆਂ ਡਾਇਰੈਕਟਰ ਸ਼੍ਰੀਮਤੀ ਮਾਧਵੀ ਕਟਾਰੀਆ ਨੇ ਸੂਬਾ ਸਰਕਾਰ ਵੱਲੋਂ ਵਿਭਾਗ ਨਾਲ ਸਬੰਧਤ ਚਲਾਈਆਂ ਜਾ ਰਹੀਆਂ ਵੱਖ-ਵੱਖ ਲੋਕ ਭਲਾਈ ਸਕੀਮਾਂ ਦਾ ਰੀਵਿਊ ਕੀਤਾ ਤੇ ਉਨ੍ਹਾਂ ਦੀ ਸਮੁੱਚੀ ਕਾਰਗੁਜ਼ਾਰੀ 'ਤੇ ਨਜ਼ਰਸਾਨੀ ਕਰਦਿਆਂ ਉਨ੍ਹਾਂ ਨੂੰ ਲੋੜੀਂਦੇ ਆਦੇਸ਼ ਵੀ ਦਿੱਤੇ।

ਇਸ ਮੌਕੇ ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਵੱਖ-ਵੱਖ ਤਰ੍ਹਾਂ ਦੀਆਂ ਲੋਕ ਭਲਾਈ ਸਕੀਮਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ ਤਾਂ ਜੋ ਕੋਈ ਵੀ ਯੋਗ ਲਾਭਪਾਤਰੀ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਸਕੀਮਾਂ ਤੋਂ ਵਾਂਝਾ ਨਾ ਰਹਿ ਸਕੇ। ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਪ੍ਰਦੀਪ ਸਿੰਘ ਗਿੱਲ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਜਸਵੀਰ ਕੌਰ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਰਵਨੀਤ ਕੌਰ, ਸਮੂਹ ਸੀਡੀਪੀਓਜ਼, ਇੰਚਾਰਜ ਸਖੀ ਸੈਂਟਰ ਤੇ ਸੁਪਰਡੰਟ ਚਿਲਡਰਨ ਹੋਮ ਕੇਵਲ ਨੰਦ ਮਿਸ਼ਰਾ ਆਦਿ ਹਾਜ਼ਰ ਸਨ।

'ਬ੍ਰਿਜ ਭੂਸ਼ਣ ਨੂੰ ਗ੍ਰਿਫ਼ਤਾਰ ਕਰੋ, ਦੇਸ਼ ਦੀਆਂ ਬੇਟੀਆਂ ਨੂੰ ਇਨਸਾਫ ਦਿਓ' ਦੇ ਨਾਅਰਿਆਂ ਨਾਲ ਗੂੰਜਿਆ ਸ਼ਹਿਰ

■ ਸਮਾਜ ਸੇਵੀ ਸੰਸਥਾਵਾਂ ਵੱਲੋਂ ਸਹਿਰ 'ਚ ਰੋਸ ਮਾਰਚ

ਮੋਗਾ (ਅਮਰਜੀਤ ਬੱਬਰੀ)-ਜ਼ਿਲ੍ਹਾ ਐੱਨ ਜੀ ਓ ਕੋਆਰਡੀਨੇਸ਼ਨ ਕਮੇਟੀ ਮੋਗਾ ਦੇ ਸੱਦੇ 'ਤੇ ਮੋਗਾ ਸ਼ਹਿਰ ਦੀਆਂ ਅਨੇਕਾਂ ਸਮਾਜਿਕ ਸੰਸਥਾਵਾਂ, ਕੁੱਲ ਹਿੰਦ ਅਮਨ ਤੇ ਇਕਮੁੱਠਤਾ ਸੰਗਠਨ ਮੋਗਾ, ਆਲ ਇੰਡੀਆ ਟਰੇਡ ਯੂਨੀਅਨ ਕੌਂਸਲ, ਪੰਜਾਬ ਸਟੂਡੈਂਟਸ ਯੂਨੀਅਨ ਤੇ ਵੱਖ ਵੱਖ ਪੈਨਸ਼ਨਰ ਜਥੇਬੰਦੀਆਂ ਵੱਲੋਂ ਦਿੱਲੀ ਦੇ ਜੰਤਰ ਮੰਤਰ ਵਿਖੇ ਪਿਛਲੇ 37 ਦਿਨ ਤੋਂ ਇਨਸਾਫ ਦੀ ਜੰਗ ਲੜ ਰਹੀਆਂ ਦੇਸ਼ ਦੀਆਂ ਮਾਣਮੱਤੀਆਂ ਧੀਆਂ ਨਾਲ ਕੀਤੇ ਅਣਮਨੁੱਖੀ ਵਿਹਾਰ ਖਿਲਾਫ ਤੇ ਬ੍ਰਿਜਭੂਸ਼ਨ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਨੇਚਰ ਪਾਰਕ ਮੋਗਾ ਤੋਂ ਮੇਨ ਚੌਕ ਮੋਗਾ ਤੱਕ ਇਨਸਾਫ ਮਾਰਚ ਕੀਤਾ ਗਿਆ ਅਤੇ ਮੇਨ ਚੌਕ ਮੋਗਾ ਵਿਖੇ ਕਰੀਬ ਇੱਕ ਘੰਟਾ ਸਰਕਾਰੀ ਗੁੰਡਾਗਰਦੀ ਵਿਰੁੱਧ ਮਨੁੱਖੀ ਕੜੀ ਬਣਾ ਕੇ ਇੱਕਜੁਟਤਾ ਦਾ ਪ੍ਰਗਟਾਵਾ ਕੀਤਾ ਤੇ ਨਾਅਰਿਆਂ ਨਾਲ ਸ਼ਹਿਰ ਗੂੰਜਣ ਲਾ ਦਿੱਤਾ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਨਰਿਦਰ ਮੋਦੀ ਦੇ ਨਾਮ ਇੱਕ ਮੰਗ ਪੱਤਰ ਡਿਪਟੀ ਕਮਿਸ਼ਨਰ ਮੋਗਾ ਨੂੰ ਸੌਂਪਿਆ। ਨੇਚਰ ਪਾਰਕ ਮੋਗਾ ਵਿਖੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਸਰਬੱਤ ਦਾ ਭਲਾ ਮੋਗਾ ਦੇ ਪ੍ਰਧਾਨ ਤੇ ਕੋਆਰਡੀਨੇਸ਼ਨ ਕਮੇਟੀ ਦੇ ਚੇਅਰਮੈਨ ਮਹਿੰਦਰ ਪਾਲ ਲੂੰਬਾ, ਪ੍ਰਧਾਨ ਗੁਰਸੇਵਕ ਸਿੰਘ ਸੰਨਿਆਸੀ, ਰੂਰਲ ਐੱਨ ਜੀ ਓ ਮੋਗਾ ਦੇ ਮੁੱਖ ਸਲਾਹਕਾਰ ਹਰਜਿੰਦਰ ਸਿੰਘ ਚੁਗਾਵਾਂ, ਸਿਟੀ ਯੂਨਿਟ ਦੇ ਪ੍ਰਧਾਨ ਸੁਖਦੇਵ ਸਿੰਘ ਬਰਾੜ, ਐਪਸੋ ਮੋਗਾ ਦੇ ਪ੍ਰਧਾਨ ਡਾ. ਪਵਨ ਥਾਪਰ, ਏਟਕ ਮੋਗਾ ਤੋਂ ਜਗਸੀਰ ਖੋਸਾ, ਨੌਜਵਾਨ ਭਾਰਤ ਸਭਾ ਦੇ ਆਗੂ ਰਾਜਦੀਪ ਸਿੰਘ, ਜ਼ਿਲ੍ਹਾ ਐੱਨ ਜੀ ਓ ਕੋਆਰਡੀਨੇਸ਼ਨ ਕਮੇਟੀ ਮੋਗਾ ਦੇ ਸਕੱਤਰ ਅਮਰਜੀਤ ਸਿੰਘ ਜੱਸਲ, ਕੋਆਰਡੀਨੇਟਰ ਦਰਸ਼ਨ ਸਿੰਘ ਵਿਰਦੀ, ਭਵਨਦੀਪ ਪੁਰਬਾ, ਉੱਘੀ ਲੇਖਿਕਾ ਬੇਅੰਤ ਕੌਰ ਗਿੱਲ, ਡਾ. ਸਰਬਜੀਤ ਕੌਰ ਬਰਾੜ, ਜਮਹੂਰੀ ਅਧਿਕਾਰ ਸਭਾ ਦੇ ਆਗੂ ਸਰਬਜੀਤ ਸਿੰਘ ਦੌਧਰ, ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਜਸਕਰਨ ਸਿੰਘ, ਪੈਨਸ਼ਨਰ ਆਗੂ ਭੁਪਿੰਦਰ ਸਿੰਘ ਸੋਢੀ, ਪੋਹਲਾ ਸਿੰਘ ਬਰਾੜ, ਪ੍ਰੇਮ ਕੁਮਾਰ ਨੇ ਕੇਂਦਰ ਸਰਕਾਰ 'ਤੇ ਵਰਦਿਆਂ ਕਿਹਾ ਕਿ ਦੇਸ਼ ਦੀ ਭਾਜਪਾ ਸਰਕਾਰ ਖਤਰਨਾਕ ਏਜੰਡੇ 'ਤੇ ਕੰਮ ਕਰ ਰਹੀ ਹੈ ਤੇ ਦੇਸ਼ ਨੂੰ ਧਰਮ ਦੇ ਆਧਾਰ 'ਤੇ ਵੰਡ ਕੇ ਵੋਟਾਂ ਦਾ ਧਰੁਵੀਕਰਨ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਇੱਕ ਸੁਰ ਵਿੱਚ ਦੇਸ਼ ਦੀਆਂ ਬੇਟੀਆਂ ਦੇ ਇਸ ਸੰਘਰਸ਼ ਦਾ ਸਮਰਥਨ ਕਰਦਿਆਂ ਐਲਾਨ ਕੀਤਾ ਕਿ ਇਨਸਾਫ ਮਿਲਣ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਮਸਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਤੁਰੰਤ ਕਾਰਵਾਈ ਨਾ ਕੀਤੀ ਤਾਂ ਕਿਸਾਨ ਅੰਦੋਲਨ ਵਾਂਗ ਲੋਕ ਇੱਕਜੁੱਟ ਹੋ ਕੇ ਸਰਕਾਰ ਦੇ ਨੱਕ 'ਚ ਦਮ ਕਰ ਦੇਣਗੇ।

ਇਸ ਮਾਰਚ ਵਿੱਚ ਉਕਤ ਤੋਂ ਇਲਾਵਾ ਰੂਰਲ ਐੱਨ ਜੀ ਓ ਬਲਾਕ ਬਾਘਾ ਪੁਰਾਣਾ ਦੇ ਪ੍ਰਧਾਨ ਹਰਮਿੰਦਰ ਕੋਟਲਾ, ਮੋਗਾ-1 ਦੇ ਪ੍ਰਧਾਨ ਕੁਲਵਿੰਦਰ ਸਿੰਘ ਰਾਮੂਵਾਲਾ, ਹਰਭਜਨ ਸਿੰਘ ਬਹੋਨਾ, ਪੰ: ਗੌ: ਪੈਨਸ਼ਨਰ ਐਸੋਸੀਏਸ਼ਨ ਦੇ ਆਗੂ ਪ੍ਰੇਮ ਕੁਮਾਰ, ਗੌ: ਸਕੂਲ ਟੀਚਰ ਯੂਨੀਅਨ ਆਗੂ ਬੂਟਾ ਸਿੰਘ ਭੱਟੀ, ਕੇਵਲ ਕ੍ਰਿਸ਼ਨ ਸ਼ਰਮਾ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਬੱਬੂ ਘੱਲ ਕਲਾਂ, ਬਲਵੀਰ ਸਿੰਘ ਪਾਂਧੀ, ਕਮਲਜੀਤ ਕੌਰ, ਭੁਪਿੰਦਰ ਕੌਰ, ਪ੍ਰੋਮਿਲਾ ਮੋਨਰਾਏ, ਅਮਰਜੀਤ ਸਿੰਘ ਕਲਕੱਤਾ, ਸੁਖਚੈਨ ਰਾਮੂੰਵਾਲੀਆ, ਕ੍ਰਿਸ਼ਨ ਸੂਦ, ਸੁਖਵਿੰਦਰ ਬੁੱਘੀਪੁਰਾ, ਦਰਸ਼ਨ ਸਿੰਘ, ਹੰਸ ਰਾਜ ਆਦਿ ਤੋਂ ਇਲਾਵਾ ਵੱਖ ਵੱਖ ਸੰਸਥਾਵਾਂ ਦੇ ਮੈਂਬਰ ਹਾਜ਼ਰ ਸਨ।

ਕਾਤਰਾਂ

ਸਿਕੰਦਰਪੁਰ ਖੇਤੀਬਾੜੀ ਸਭਾ 'ਚ ਨਵਾਂ ਸਕੱਤਰ ਰੱਖਣ ਦਾ ਮਾਮਲਾ ਗਰਮਾਇਆ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਬੇਟ ਖੇਤਰ ਦੇ 7 ਪਿੰਡਾਂ ਦੇ ਕਿਸਾਨਾਂ ਦੇ ਹਿੱਤਾਂ ਲਈ ਬਣੀ ਦੀ ਸਿਕੰਦਰਪੁਰ ਖੇਤੀਬਾੜੀ ਸਹਿਕਾਰੀ ਸਭਾ ਵਿੱਚ ਨਵਾਂ ਸਕੱਤਰ ਰੱਖਣ ਦਾ ਮਾਮਲਾ ਗਰਮਾ ਗਿਆ ਹੈ, ਜਿਸ ਦਾ ਕਮੇਟੀ ਮੈਂਬਰਾਂ ਤੇ ਕਿਸਾਨਾਂ ਵੱਲੋਂ ਵਿਰੋਧ ਕੀਤਾ ਗਿਆ। ਸਭਾ ਨਾਲ ਜੁੜੇ ਕਿਸਾਨ ਸੁਖਵਿੰਦਰ ਸਿੰਘ, ਜੋਗਿੰਦਰ ਸਿੰਘ ਤੇ ਹੋਰ ਕਿਸਾਨਾਂ ਨੇ ਦੱਸਿਆ ਕਿ ਸਿਕੰਦਰਪੁਰ ਸੁਸਾਇਟੀ ਵਿੱਚ ਨਵਾਂ ਪੰਚਾਇਤ ਸਕੱਤਰ ਰੱਖਿਆ ਗਿਆ ਹੈ, ਉਸ ਬਾਰੇ ਸਾਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਸਭਾ ਦੇ ਕੁਝ ਕਮੇਟੀ ਮੈਂਬਰਾਂ ਨੇ ਇਹ ਵੀ ਦੋਸ਼ ਲਗਾਇਆ ਕਿ ਨਵਾਂ ਪੰਚਾਇਤ ਸਕੱਤਰ ਰੱਖਣ ਲਈ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਗਈ, ਜਿਸ ਕਰਕੇ ਉਨ੍ਹਾਂ ਇਹ ਮਾਮਲਾ ਸਹਾਇਕ ਰਜਿਸਟਰਾਰ ਸਮਰਾਲਾ ਤੇ ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੇ ਧਿਆਨ ਵਿੱਚ ਲਿਆਂਦਾ ਹੈ ਕਿ ਇਸ ਨਵੇਂ ਸਕੱਤਰ ਨੂੰ ਹਟਾ ਕੇ ਦੁਬਾਰਾ ਪਾਰਦਰਸ਼ੀ ਢੰਗ ਨਾਲ ਨਿਯੁਕਤ ਕਰਨ ਦੀ ਪ੍ਰਕਿਰਿਆ ਦੁਬਾਰਾ ਅਮਲ ਵਿੱਚ ਲਿਆਂਦੀ ਜਾਵੇ। ਇਸ ਸਬੰਧੀ ਸਭਾ ਦੇ ਇੰਸਪੈਕਟਰ ਵਿਜੈ ਕੁਮਾਰ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਜੋ ਨਵਾਂ ਸਭਾ ਦਾ ਸਕੱਤਰ ਰੱਖਿਆ ਗਿਆ ਹੈ, ਉਸ ਦੀ ਭਰਤੀ ਪ੍ਰਕਿਰਿਆ ਪੂਰੇ ਪਾਰਦਰਸ਼ੀ ਢੰਗ ਨਾਲ ਅਮਲ ਵਿੱਚ ਲਿਆਂਦੀ ਗਈ ਹੈ। ਉਨ੍ਹਾ ਕਿਹਾ ਕਿ ਜੇਕਰ ਕਿਸਾਨਾਂ ਨੂੰ ਇਸ ਸਬੰਧੀ ਕੋਈ ਸਮੱਸਿਆ ਹੈ ਤਾਂ ਉਹ ਵੀ ਬੈਠ ਕੇ ਸੁਲਝਾ ਲਈ ਜਾਵੇਗੀ।

ਟਚ ਸਕਾਈ ਨੇ ਲਵਾਏ ਵੀਜ਼ੇ

ਬਾਘਾ ਪੁਰਾਣਾ (ਮਨੀ ਸਿੰਗਲਾ)-ਟਚ ਸਕਾਈ ਇੰਸਟੀਚਿਊਟ ਆਫ਼ ਇੰਗਲਿਸ਼ ਐਂਡ ਇਮੀਗ੍ਰੇਸ਼ਨ ਸਰਵਿਸਜ ਨੇ ਲੰਗੇਆਣਾ ਪੁਰਾਣਾ ਦੇ ਰਹਿਣ ਵਾਲੇ ਸਤਨਾਮ ਸ਼ਰਮਾ ਤੇ ਉਨ੍ਹਾਂ ਦੀ ਪਤਨੀ ਅਤੇ 15 ਸਾਲਾਂ ਬੱਚੇ ਦਾ ਕੈਨੇਡਾ ਦਾ ਵਿਜ਼ਟਰ ਵੀਜ਼ਾ ਜਾਰੀ ਕਰਾ ਕੇ ਉਨ੍ਹਾਂ ਦੇ ਵਿਦੇਸ਼ ਜਾਣ ਦੇ ਸੁਪਨੇ ਨੂੰ ਸਾਕਾਰ ਕੀਤਾ ਹੈ। ਸੰਸਥਾ ਦੇ ਡਾਇਰੈਕਟਰ ਸੰਦੀਪ ਮਹਿਤਾ ਤੇ ਪੰਕਜ ਗੁਪਤਾ ਨੇ ਦੱਸਿਆ ਕਿ ਸਿਰਫ਼ 6 ਦਿਨਾਂ ਵਿੱਚ ਸਤਨਾਮ ਸ਼ਰਮਾ ਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਦਾ ਵੀਜ਼ਾ ਅਪਰੂਵ ਕਰਾ ਕੇ ਦਿੱਤਾ ਗਿਆ ਹੈ।

ਜ਼ਿੰਦਗੀ 'ਚ ਸੁੱਖ ਸ਼ਾਂਤੀ ਲਈ ਖੁਦ ਨੂੰ ਬਦਲੋ : ਸ਼ਿਵਾਨੀ ਦੀਦੀ

ਜੈਤੋ (ਸਤੀਸ਼ ਕੁਮਾਰ ਭੀਗੀ)-ਮਾਊਂਟ ਆਬੂ ਈਸ਼ਵਰੀਆ ਵਿਸ਼ਵਵਿਦਿਆਲਿਆ ਦੇ ਮੋਟੀਵੇਸ਼ਨਲ ਸਪੀਕਰ ਬੀ ਕੇ ਸ਼ਿਵਾਨੀ ਦੀਦੀ ਨੇ ਵੱਖ-ਵੱਖ ਰਾਜਾਂ ਤੋਂ ਆਏ ਹੋਏ ਬ੍ਰਹਮਾ ਕੁਮਾਰੀ ਭੈਣਾਂ ਤੇ ਭਾਈਆਂ ਦੇ ਸਮੂਹ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਦਮੀ ਕਹਿੰਦਾ ਹੈ ਕਿ ਘਰ ਤੇ ਵਿਉਪਾਰਕ ਸਥਾਨ 'ਤੇ ਨਿੱਤ ਹੁੰਦੇ ਝਗੜੇ ਦਾ ਕਾਰਨ ਵਸਤੂਦੋਸ਼ ਹੈ, ਕਿਉਂਕਿ ਘਰ ਵਾਸਤੂ ਸ਼ਾਸ਼ਤਰ ਮੁਤਾਬਕ ਨਹੀਂ ਬਣਿਆ, ਇਸ ਲਈ ਤੋੜ ਫੋੜ ਕਰਦਾ ਹੈ, ਮੇਰਾ ਕਾਰੋਬਾਰ ਇਸ ਲਈ ਨਹੀਂ ਚੱਲ ਰਿਹਾ, ਕਿਉਂਕਿ ਦੁਕਾਨ ਦੀ ਡਾਇਰੈਕਸ਼ਨ ਠੀਕ ਨਹੀਂ ਹੈ। ਘਰ ਵਿੱਚ ਕਲੇਸ਼ ਝਗੜੇ ਹੋਣ ਦਾ ਕਾਰਨ ਡਾਇਰੈਕਸ਼ਨ ਠੀਕ ਨਹੀਂ ਹੈ। ਇਸ ਲਈ ਦੁਕਾਨ ਨਹੀਂ ਚੱਲਣ ਦਾ ਕਾਰਨ ਤੇ ਕਲੇਸ਼ ਦਾ ਕਾਰਨ ਵਸਤੂਦੋਸ਼ ਹੈ, ਆਦਮੀ ਸ਼ਹਿਰ ਵਿੱਚ ਕਾਰੋਬਾਰ ਲਈ ਰਿਹਾਇਸ਼ ਕਰਕੇ ਕੰਮ ਬਦਲਦਾ ਹੈ, ਕੱਪੜੇ ਬਦਲਦਾ ਹੈ, ਮਕਾਨ ਬਦਲਦਾ ਹੈ, ਇੱਥੋਂ ਤੱਕ ਕਿ ਜੀਵਨ ਸਾਥੀ ਵੀ ਬਦਲ ਲੈਂਦਾ ਹੈ, ਪ੍ਰੰਤੂ ਜੀਵਨ ਵਿੱਚ ਸਫ਼ਲਤਾ ਅਤੇ ਸੁੱਖ ਸ਼ਾਂਤੀ ਲਈ ਆਪਣੇ ਆਪ ਨੂੰ ਨਹੀਂ ਬਦਲਦਾ। ਬੀ ਕੇ ਸ਼ਿਵਾਨੀ ਦੀਦੀ ਨੇ ਕਿਹਾ ਕਿ ਆਦਮੀ ਨੂੰ ਆਪਣੀ ਸੋਚ ਬਦਲਣ ਦੀ ਲੋੜ ਹੈ, ਜਿਸ ਨਾਲ ਉਸ ਦੀ ਜ਼ਿੰਦਗੀ ਵਿੱਚ ਮੱਚੀ ਹੋਈ ਉਥਲ ਪੁਥਲ ਨੂੰ ਰਾਹਤ ਮਿਲ ਸਕਦੀ ਹੈ।

ਕੈਂਟਰ 'ਚੋਂ 1 ਕਿਲੋ 200 ਗਰਾਮ ਅਫੀਮ ਬਰਾਮਦ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਥਾਣਾ ਮਹਿਲ ਕਲਾਂ ਪੁਲਸ ਨੇ ਨਾਕਾਬੰਦੀ ਕਰ

31-May-PAGE-11-Majha-2023.qxd 5/30/2023 10:20 PM Page 1

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂਆਂ ਵੱਲੋਂ ਰੋਸ ਧਰਨਾ

ਗੁਰਦਾਸਪੁਰ (ਜਨਕ ਮਹਾਜਨ)-ਪਾਣੀਆਂ ਨਾਲ ਸਬੰਧਿਤ ਮਸਲਿਆਂ ਨੂੰ ਲੈ ਕੇ ਨਹਿਰੀ ਵਿਭਾਗ ਦੇ ਦਫ਼ਤਰ ਗੁਰਦਾਸਪੁਰ ਵਿਖੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਹਰਦੀਪ ਸਿੰਘ ਫੋਜੀ, ਜ਼ਿਲ੍ਹਾ ਪ੍ਰੈਸ ਸਕੱਤਰ ਸੁਖਦੇਵ ਸਿੰਘ ਅੱਲੜ ਪਿੰਡੀ ਦੀ ਅਗਵਾਈ ਹੇਠ ਤਿੰਨ ਦਿਨਾ ਧਰਨਾ ਸ਼ੁਰੂ ਕਰ ਦਿੱਤਾ ਹੈ। ਇਸ ਮੌਕੇ ਵੱਖ-ਵੱਖ ਜ਼ੋਨਾਂ ਤੋਂ ਪੁਹੰਚੇ ਆਗੂਆਂ ਨੇ ਕਿਹਾ ਕਿ ਸਰਕਾਰਾਂ ਵੱਲੋਂ 100% ਵਾਹੀਯੋਗ ਜ਼ਮੀਨ ਨੂੰ ਨਹਿਰੀ ਪਾਣੀ ਦਾ ਪ੍ਰਬੰਧ ਕੀਤਾ ਜਾਵੇ, ਜਿਸ ਨਾਲ ਖੇਤੀ ਵਿਚ ਵਰਤੋਂ ਲਈ ਧਰਤੀ ਹੇਠੋਂ ਪਾਣੀ ਕੱਢਣ ਦੀ ਲੋੜ ਵਿੱਚ ਭਾਰੀ ਕਮੀ ਆਵੇਗੀ। ਉਨ੍ਹਾਂ ਮੰਗ ਕੀਤੀ ਕਿ ਨਹਿਰੀ ਪਾਣੀ ਹਰ ਖੇਤ ਤੱਕ ਪਹੁੰਚਾਉਣ ਲਈ ਅੰਡਰ ਗ੍ਰਾਊਂਡ ਪਾਈਪ ਲਾਈਨਾਂ ਪਾਈਆਂ ਜਾਣ। ਆਗੂਆਂ ਨੇ ਕਿਹਾ ਪ੍ਰਾਈਵੇਟ ਵਪਾਰੀਆਂ ਦੀਆਂ ਫੈਕਟਰੀਆਂ ਵੱਲੋਂ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਨਿਯਮਾਂ ਨੂੰ ਛਿੱਕੇ ਟੰਗ ਕੇ ਕੈਮੀਕਲ ਯੁਕਤ ਪਾਣੀ ਧਰਤੀ ਹੇਠ ਅਤੇ ਦਰਿਆਵਾਂ ਵਿੱਚ ਪਾ ਕੇ ਪਾਣੀ ਪ੍ਰਦੂਸ਼ਿਤ ਕੀਤਾ ਜਾ ਰਿਹਾ ਹੈ, ਇਸ ਦੇ ਹੱਲ ਲਈ ਫੈਕਟਰੀ ਮਾਲਕਾਂ ਤੇ ਮਿਸਾਲੀ ਕਾਰਵਾਈ ਕੀਤੀ ਜਾਵੇ। ਇਸ ਮੌਕੇ ਸਵਿੰਦਰ ਸਿੰਘ ਚੁਤਾਲਾ ਨੇ ਕਿਹਾ ਕਿ ਜਥੇਬੰਦੀ ਦਿੱਲੀ ਵਿੱਚ ਧਰਨਾਕਾਰੀ ਪਹਿਲਵਾਨਾਂ 'ਤੇ ਤਾਨਾਸ਼ਾਹੀ ਤਰੀਕੇ ਨਾਲ ਹੋਈ ਕਾਰਵਾਈ ਦੀ ਸਖਤ ਨਿਖੇਧੀ ਕਰਦੀ ਹੈ ਅਤੇ ਮੰਗ ਕਰਦੀ ਹੈ ਕਿ ਦੇਸ਼ ਦੀਆਂ ਬੇਟੀਆਂ ਨਾਲ ਇਨਸਾਫ ਕਰਦੇ ਹੋਏ ਬ੍ਰਿਜ ਭੂਸ਼ਨ ਨੂੰ ਗ੍ਰਿਫਤਾਰ ਕੀਤਾ ਜਾਵੇ। ਇਸ ਮੌਕੇ ਅਨੂਪ ਸਿੰਘ ਸੁਲਤਾਨੀ, ਸੁਖਜਿੰਦਰ ਸਿੰਘ ਗੋਤ, ਸੁਖਵਿੰਦਰ ਸਿੰਘ ਅੱਲੜ ਪਿੰਡੀ, ਸਤਨਾਮ ਸਿੰਘ ਖਜ਼ਾਨਚੀ, ਗੁਰਮੁਖ ਸਿੰਘ ਖਾਨਮਲੱਕ, ਕੈਪਟਨ ਸ਼ਮਿੰਦਰ ਸਿੰਘ, ਕੁਲਜੀਤ ਸਿੰਘ ਹਯਾਤ ਨਗਰ, ਰਣਬੀਰ ਸਿੰਘ ਡੁਗਰੀ, ਮਾਸਟਰ ਗੁਰਜੀਤ ਸਿੰਘ, ਸੁੱਚਾ ਸਿੰਘ ਬਲੱਗਣ, ਮਨਪ੍ਰੀਤ ਕੌਰ, ਪਰਮਜੀਤ ਕੌਰ, ਅਨੂਪ ਸਿੰਘ ਸਕੱਤਰ, ਨਰਿੰਦਰ ਸਿੰਘ ਆਲੀਨੰਗਲ, ਦਿਲਬਾਗ ਸਿੰਘ ਹਰਦੋਛੰਨੀ, ਹਰਜੀਤ ਕੌਰ, ਗੁਰਪ੍ਰੀਤ ਕੌਰ, ਬਲਬੀਰ ਕੌਰ ਆਦਿ ਹਾਜ਼ਰ ਸਨ।

ਖਿਲਚੀਆਂ ਪੁਲਸ ਵੱਲੋਂ ਜ਼ਿੰਦਾ ਰੌਂਦ, ਪਿਸਤੌਲ ਤੇ ਗੱਡੀ ਸਮੇਤ ਦੋ ਕਾਬੂ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)—ਐਸ.ਐਸ.ਪੀ ਸਾਹਿਬ ਸਤਿੰਦਰ ਸਿੰਘ ਆਈਪੀਐਸ ਅੰਮ੍ਰਿਤਸਰ ਦਿਹਾਤੀ ਦੀਆਂ ਹਦਾਇਤਾਂ ਅਨੁਸਾਰ ਅਤੇ ਡੀਐਸਪੀ ਹਰਕਿਸਨ ਸਿੰਘ ਉਪ ਪੁਲਸ ਕਪਤਾਨ, ਸਬ ਡਵੀਜ਼ਨ ਬਾਬਾ ਬਕਾਲਾ ਦੀ ਰਹਿਨੁਮਾਈ ਹੇਠ ਮੁੱਖ ਅਫਸਰ ਥਾਣਾ ਖਲਚੀਆਂ ਦੇ ਐਸ.ਆਈ ਬਿਕਰਮਜੀਤ ਸਿੰਘ ਅਤੇ ਪੁਲਸ ਵੱਲੋਂ ਨਾਕਾਬੰਦੀ ਦੌਰਾਨ ਗੁਰਸੇਵਕ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਮਰਹਾਣਾ ਥਾਣਾ ਚੋਹਲਾ ਸਾਹਿਬ ਨੂੰ ਖਲਚੀਆ ਤੋਂ ਕਾਬੂ ਕਰਕੇ ਉਸ ਦੇ ਕਬਜ਼ੇ 'ਚੋਂ 02 ਮੈਗਜ਼ੀਨ ਸਮੇਤ 32 ਅਤੇ ਪਿਸਤੌਲ ਦੇ 07 ਰੌਂਦ ਬਰਾਮਦ ਕੀਤੇ ਗਏ ਹਨ। ਇੱਕ ਬਰੇਜਾ ਕਾਰ ਨੰਬਰ ਡੀ.ਐਲ.-8ਸੀ-ਏ.ਆਰ.-1838 ਬਰਾਮਦ ਕੀਤੀ ਹੈ। ਥਾਣਾ ਖਲਚੀਆਂ ਵਿਖੇ ਮੁਕੱਦਮਾ ਨੰਬਰ 62 ਮਿਤੀ 29.05.2023 ਜੁਰਮ 25-54-59 ਅਸਲਾ ਐਕਟ ਦਰਜ ਕੀਤਾ ਗਿਆ ਹੈ। ਦੋਸ਼ੀ ਗੁਰਸੇਵਕ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇਸੇ ਤਰਾਂ ਥਾਣਾ ਖਲਚੀਆ ਪੁਲਸ ਨੇ ਨਸ਼ਿਆਂ ਖਿਲਾਫ ਕਾਰਵਾਈ ਕਰਦੇ ਹੋਏ ਪਿਸਤੌਲ ਸਿੰਘ ਉਰਫ ਬੱਬੂ ਬਲਵਿੰਦਰ ਸਿੰਘ ਵਾਸੀ ਰਾਣਾ ਕਾਲਾ ਨੂੰ ਗ੍ਰਿਫ਼ਤਾਰ ਕਰਕੇ ਉਸ ਦੇ ਕਬਜ਼ੇ 'ਚੋਂ 110 ਗੋਲੀਆਂ ਬਰਾਮਦ ਕੀਤੀਆਂ ਅਤੇ ਐਨਡੀਪੀਐਸ ਐਕਟ ਥਾਣਾ ਖਲਚੀਆ ਵਿੱਚ ਮਾਮਲਾ ਦਰਜ ਕੀਤਾ ਗਿਆ। ਪੁਲਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਕੇ ਅਗਲੀ ਕਾਰਵਾਈ ਕਰ ਰਹੀ ਹੈ।

ਕਲਾਸਵਾਲਾ ਖਾਲਸਾ ਸਕੂਲ ਕਾਦੀਆਂ ਦਾ 10ਵੀਂ ਦਾ ਨਤੀਜਾ ਸੌ ਫੀਸਦੀ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਸਿੱਖਿਆ ਦੇ ਖੇਤਰ ਵਿੱਚ ਨਾਮਣਾ ਖੱਟਣ ਵਾਲੀ ਸਿਰਮੌਰ ਸੰਸਥਾ ਕਲਾਸਵਾਲਾ ਖਾਲਸਾ ਸਕੂਲ ਕਾਦੀਆਂ ਦਾ ਨਤੀਜਾ ਇਸ ਸਾਲ ਵੀ ਸ਼ਾਨਦਾਰ ਰਿਹਾ। ਮਹਿਕ ਗੌਰੀ ਪੁੱਤਰੀ ਯੂਨਸ ਗੌਰੀ ਨੇ 90% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਕ੍ਰਮਵਾਰ ਰਜਨੀ ਜੰਬਾ ਪੁੱਤਰੀ ਰਾਕੇਸ਼ ਪਾਲ ਨੇ 89.8% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ, ਹਰਜੋਤ ਕੌਰ ਪੁੱਤਰੀ ਲਖਵਿੰਦਰ ਸਿੰਘ ਨੇ 89.6%ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ ਅਤੇ ਅੰਜਲੀ ਪੁੱਤਰੀ ਅਸ਼ਵਨੀ ਕੁਮਾਰ ਨੇ 89.5% ਅੰਕ ਪ੍ਰਾਪਤ ਕਰਕੇ ਚੌਥਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਕੀਰਤੀ ਭਗਤ ਪੁੱਤਰੀ ਅਜੀਤ ਪਾਲ ਨੇ 86%, ਜੀਨਤ ਕੁਮਾਰੀ ਪੁੱਤਰੀ ਨਰੇਸ਼ ਕੁਮਾਰ ਨੇ 85% ਅੰਕ ਪ੍ਰਾਪਤ ਕਰਕੇ ਪੰਜਵਾਂ ਅਤੇ ਛੇਵਾਂ ਸਥਾਨ ਹਾਸਲ ਕੀਤਾ। ਇਸ ਮੌਕੇ ਪ੍ਰਿੰਸੀਪਲ ਸ਼ਾਲਿਨੀ ਦੱਤਾ ਅਤੇ ਸਕੂਲ ਮੈਨੇਜਮੈਂਟ ਨੇ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਬੱਚਿਆਂ ਨੂੰ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਸਾਰੇ ਸਟਾਫ ਨੂੰ ਵੀ ਵਧਾਈ ਦਿੱਤੀ ਜਿਨ੍ਹਾਂ ਦੀ ਅਣਥੱਕ ਮਿਹਨਤ ਸਦਕਾ ਬੱਚਿਆਂ ਨੇ ਇਮਤਿਹਾਨਾਂ ਵਿਚ ਵਧੀਆ ਪ੍ਰਦਰਸ਼ਨ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਮਿਹਨਤ ਕਰਕੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕਰਨਾ ਚਾਹੀਦਾ ਹੈ। ਇਸ ਮੌਕੇ ਸਕੂਲ ਵਾਈਸ ਪ੍ਰਿੰਸੀਪਲ ਪਰਮਿੰਦਰ ਕੌਰ, ਹੈੱਡ ਮਾਸਟਰ ਪਰਮਜੀਤ ਸਿੰਘ, ਹਰਦੀਪ ਸਿੰਘ, ਧਿਆਨ ਸਿੰਘ ਅਤੇ ਸ਼ਰਨਬੀਰ ਕੌਰ ਹਾਜ਼ਰ ਸਨ।

ਸੰਤ ਬਾਬਾ ਲਾਭ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਮੱਤੇਵਾਲ ਦਾ ਨਤੀਜਾ ਮਾਣਮੱਤਾ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)—ਇਲਾਕੇ ਦੀ ਸਿਰਮੌਰ ਸੰਸਥਾ ਸੰਤ ਬਾਬਾ ਲਾਭ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਗੁਰੂ ਕੀ ਬੇਰ ਮੱਤੇਵਾਲ ਅੰਮ੍ਰਿਤਸਰ ਦਾ ਦਸਵੀਂ ਕਲਾਸ ਦਾ ਨਤੀਜਾ 100% ਰਿਹਾ ਜਿਸ ਵਿੱਚ ਮਹਿਕਪ੍ਰੀਤ ਕੌਰ ਪੁੱਤਰੀ ਬਲਦੇਵ ਸਿੰਘ (94.92%) ਅਤੇ ਜਸ਼ਨੀਤ ਕੌਰ ਸੋਨੀਆ ਪੁੱਤਰੀ ਸੁਖਦੇਵ ਸਿੰਘ 94.76% ਪਹਿਲਾ, ਹਰਮਨਪ੍ਰੀਤ ਕੌਰ ਪੁੱਤਰੀ ਗੁਰਭੇਜ ਸਿੰਘ (94.15%) ਦੂਜਾ, ਮੁਸਕਾਨਦੀਪ ਕੌਰ ਪੁੱਤਰੀ ਜਗਮੋਹਨ ਸਿੰਘ ਨੇ ਤੀਜਾ ਸਥਾਨ ਹਾਸਿਲ ਕੀਤਾ । ਇਸ ਮੌਕੇ ਪ੍ਰਿੰ: ਗੁਰਸੇਵਕ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੈਸ਼ਨ 2022-23 ਦੌਰਾਨ ਸਾਰੇ ਵਿਦਿਆਰਥੀ ਪਹਿਲੇ ਦਰਜੇ ਵਿੱਚ ਪਾਸ ਹੋਏ। ਇਸ ਮੌਕੇ ਸੰਸਥਾ ਪ੍ਰਧਾਨ ਸੰਤ ਬਾਬਾ ਸੱਜਣ ਸਿੰਘ ਨੇ ਬੱਚਿਆ ਨੂੰ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ ਅਤੇ ਬੱਚਿਆ ਨੂੰ ਭਵਿੱਖ ਲਈ ਅਸ਼ੀਰਵਾਦ ਦਿੱਤਾ ਅਤੇ ਸਟਾਫ ਨੂੰ ਵਧਾਈ ਦਿੱਤੀ। ਇਸ ਮੌਕੇ ਪ੍ਰਿੰ: ਗੁਰਸੇਵਕ ਸਿੰਘ, ਜਸਵਿੰਦਰ ਸਿੰਘ, ਪਲਵਿੰਦਰ ਸਿੰਘ, ਰਾਜਬੀਰ ਕੌਰ, ਕੁਲਦੀਪ ਕੌਰ, ਨਵਦੀਪ ਕੌਰ, ਸਬਪ੍ਰੀਤ ਕੌਰ, ਬਾਬਾ ਜੱਸਾ ਸਿੰਘ, ਬਾਬਾ ਸੁੱਖਾ ਸਿੰਘ, ਰਣਜੀਤ ਸਿੰਘ ਬਾਬੇਵਾਲ, ਨਿੰਦਰ ਸਿੰਘ ਭੋਏ ਬੱਚਿਆ ਦੇ ਮਾਪੇ ਬਲਦੇਵ ਸਿੰਘ, ਮਨਜੀਤ ਕੌਰ, ਕੁਲਬੀਰ ਕੌਰ, ਰਾਜਵਿੰਦਰ ਕੌਰ, ਗੁਰਮੇਜ ਸਿੰਘ ਆਦਿ ਹਾਜ਼ਰ ਸਨ।

ਡਾ. ਨਿਧੀ ਕੁਮੁਦ ਨੇ ਗੁਰਦਾਸਪੁਰੀਆਂ ਦੀਆਂ ਸਮੱਸਿਆਵਾਂ ਸੁਣੀਆਂ

ਗੁਰਦਾਸਪੁਰ(ਜਨਕ ਮਹਾਜਨ)-ਗੁਰਦਾਸਪੁਰ ਸ਼ਹਿਰ ਦੇ ਗੀਤਾ ਭਵਨ ਵਿਖੇ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਨਿਧੀ ਕੁਮੁਦ ਦੀ ਅਗਵਾਈ ਹੇਠ ਵਿਸ਼ੇਸ਼ ਜਨ ਸੁਣਵਾਈ ਕੈਂਪ ਲਗਾਇਆ ਗਿਆ।

ਇਸ ਕੈਂਪ ਵਿਚ ਵੱਡੀ ਗਿਣਤੀ ਵਿਚ ਪਹੁੰਚੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਅਧਿਕਾਰੀਆਂ ਵਲੋਂ ਸੁਣਿਆ ਗਿਆ ਅਤੇ ਉਨ੍ਹਾਂ ਦੇ ਹੱਲ ਦਾ ਸਥਾਨਕ ਨਿਵਾਸੀਆਂ ਨੂੰ ਭਰੋਸਾ ਦਿੱਤਾ। ਡਾ. ਨਿਧੀ ਕੁਮੁਦ ਬਾਮਬਾ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਲੋਕਾਂ ਨੂੰ ਬਿਨਾਂ ਦੇਰੀ ਅਤੇ ਉਨ੍ਹਾਂ ਦੇ ਘਰਾਂ ਦੇ ਨਜ਼ਦੀਕ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਲੋਕਾਂ ਦੀਆਂ ਜੋ ਮੁਸ਼ਕਲਾਂ ਸੁਣੀਆਂ ਗਈਆਂ ਹਨ ਉਨ੍ਹਾਂ ਦੇ ਸਮਾਂਬੱਧ ਹੱਲ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਕਰ ਦਿੱਤੇ ਗਏ ਹਨ।

ਅੰਮ੍ਰਿਤਸਰ ਦੇ ਸੁੰਦਰੀਕਰਨ ਲਈ ਪੰਜਾਬ ਸਰਕਾਰ ਖਰਚੇਗੀ 12 ਕਰੋੜ ਰੁਪਏ : ਡਾ. ਇੰਦਰਬੀਰ ਸਿੰਘ ਨਿੱਜਰ

ਚੰਡੀਗੜ੍ਹ/ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਵਸਨੀਕਾਂ ਨੂੰ ਬੁਨਿਆਦੀ ਸਹੂਲਤਾਂ, ਸਾਫ਼-ਸੁਥਰਾ ਅਤੇ ਪ੍ਰਦੂਸ਼ਣ ਰਹਿਤ ਵਾਤਾਵਰਣ ਪ੍ਰਦਾਨ ਕਰਨ ਲਈ ਲਗਾਤਾਰ ਯਤਨਸ਼ੀਲ ਹੈ। ਸਾਫ-ਸੁਥਰਾ ਅਤੇ ਪ੍ਰਦੂਸ਼ਣ ਰਹਿਤ ਵਾਤਾਵਰਨ ਦੀ ਸਥਾਪਨਾ 'ਤੇ ਧਿਆਨ ਕੇਂਦਰਿਤ ਕਰਦੇ ਹੋਏ ਸਰਕਾਰ ਨੇ ਪੰਜਾਬ ਭਰ ਵਿੱਚ ਕਈ ਵਿਕਾਸ ਕਾਰਜ ਅਤੇ ਸਕੀਮਾਂ ਸ਼ੁਰੂ ਕੀਤੀਆਂ ਹਨ।

ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ: ਇੰਦਰਬੀਰ ਸਿੰਘ ਨਿੱਜਰ ਨੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਨੇ ਅੰਮ੍ਰਿਤਸਰ ਦੇ ਸੁੰਦਰੀਕਰਨ ਅਤੇ ਵਿਕਾਸ ਲਈ 12 ਕਰੋੜ ਰੁਪਏ ਖਰਚਣ ਦਾ ਫੈਸਲਾ ਕੀਤਾ ਹੈ। ਇਹ ਮਹੱਤਵਪੂਰਨ ਬਜਟ ਵੱਖ-ਵੱਖ ਵਾਰਡਾਂ ਵਿੱਚ ਗਲੀਆਂ ਦੀ ਉਸਾਰੀ ਅਤੇ ਮੁਰੰਮਤ ਦੇ ਨਾਲ-ਨਾਲ ਵੱਖ-ਵੱਖ ਹਲਕਿਆਂ ਵਿੱਚ ਪਾਰਕਾਂ ਦੀ ਪੋਟਿੰਗ ਅਤੇ ਨਵੀਨੀਕਰਨ ਦੀ ਸਹੂਲਤ ਦੇਵੇਗਾ। f

ਜ਼ਕਰਯੋਗ ਹੈ ਕਿ ਅੰਮ੍ਰਿਤਸਰ ਦੇ ਵਾਰਡ ਨੰ. 33, 35, 37, 38, 40, 41, 62, 63 ਅਤੇ 66 ਵਿਖੇ 2.45 ਕਰੋੜ ਰੁਪਏ ਦੀ ਲਾਗਤ ਨਾਲ ਗਲੀਆਂ ਦੇ ਨਿਰਮਾਣ ਕਾਰਜ ਸ਼ੁਰੂ ਕੀਤੇ ਜਾਣਗੇ। ਇਸ ਤੋਂ ਇਲਾਵਾ ਦੱਖਣੀ ਹਲਕੇ ਅਤੇ ਕੇਂਦਰੀ ਚੋਣ ਖੇਤਰ (ਜ਼ੋਨ ਨੰ. 4) ਦੀਆਂ ਗਲੀਆਂ ਦੀ ਮੁਰੰਮਤ ਅਤੇ ਰੱਖ-ਰਖਾਅ ਲਈ 29.80 ਲੱਖ ਰੁਪਏ ਖਰਚ ਕੀਤੇ ਜਾਣਗੇ। ਸ਼ਹਿਰ ਦੇ ਸੁਹਜ ਨੂੰ ਨਿਖਾਰਨ ਲਈ 1.52 ਕਰੋੜ ਰੁਪਏ ਦੇ ਬਜਟ ਨਾਲ ਦੱਖਣੀ, ਕੇਂਦਰੀ ਅਤੇ ਉੱਤਰੀ ਹਲਕਿਆਂ ਵਿੱਚ ਪਾਰਕਾਂ ਲਈ ਪੋਟਿੰਗ ਅਤੇ ਨਵੀਨੀਕਰਨ ਦੇ ਪ੍ਰਾਜੈਕਟ ਵੀ ਸ਼ੁਰੂ ਕੀਤੇ ਜਾਣਗੇ। ਇਸ ਤੋਂ ਇਲਾਵਾ 7.55 ਕਰੋੜ ਰੁਪਏ ਦੀ ਰਕਮ ਵੱਖ-ਵੱਖ ਗਲੀਆਂ ਵਿੱਚ ਇੰਟਰਲਾਕਿੰਗ ਟਾਈਲਾਂ, ਸੀਸੀ ਪੈਚਵਰਕ, ਸਦਰ ਥਾਣੇ ਤੋਂ ਮਦਰ ਟੈਰੇਸਾ ਸਟੈਚੂ ਤੱਕ ਸੜਕ ਨੂੰ ਚੌੜਾ ਕਰਨ (ਸੜਕ ਦਾ ਕੰਮ, ਇੰਟਰਲਾਕਿੰਗ ਟਾਈਲਾਂ ਆਦਿ) ਅਤੇ ਹੋਰ ਸਬੰਧਤ ਕੰਮਾਂ ਲਈ ਵਰਤੀ ਜਾਵੇਗੀ।

ਡਾ. ਨਿੱਜਰ ਨੇ ਸੂਬੇ ਦੇ ਲੋਕਾਂ ਨੂੰ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਦੇਣ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ।

ਭ੍ਰਿਸ਼ਟ ਅਭਿਆਸਾਂ ਵਿੱਚ ਸ਼ਾਮਲ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਨੂੰ ਬਿਨਾਂ ਕਿਸੇ ਛੋਟ ਦੇ ਉਚਿਤ ਕਾਨੂੰਨੀ ਨਤੀਜਿਆਂ ਦਾ ਸਾਹਮਣਾ ਕਰਨਾ ਪਵੇਗਾ। ਇਸ ਤੋਂ ਇਲਾਵਾ ਡਾ. ਨਿੱਜਰ ਨੇ ਵਿਕਾਸ ਕਾਰਜਾਂ ਲਈ ਜ਼ਿੰਮੇਵਾਰ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਲੋੜੀਂਦੇ ਨਤੀਜੇ ਪ੍ਰਾਪਤ ਕਰਨ ਲਈ ਗੁਣਵੱਤਾ ਦੇ ਉੱਚੇ ਮਿਆਰਾਂ ਨੂੰ ਕਾਇਮ ਰੱਖਣ। ਪੰਜਾਬ ਸਰਕਾਰ ਇੱਕ ਰੰਗਲਾ ਅਤੇ ਖੁਸ਼ਹਾਲ ਰਾਜ ਦੀ ਸਿਰਜਣਾ ਦੇ ਸੰਕਲਪ ਦੇ ਨਾਲ ਆਪਣੇ ਵਸਨੀਕਾਂ ਦੀ ਸਰਬਪੱਖੀ ਭਲਾਈ ਅਤੇ ਵਿਕਾਸ ਲਈ ਆਪਣੇ ਸਮਰਪਣ ਵਿੱਚ ਦ੍ਰਿੜ ਹੈ।

ਪੰਚਾਇਤੀ ਜ਼ਮੀਨ ਦਾ ਕਬਜ਼ਾ ਦਿਵਾਉਣ ਲਈ ਅਧਿਕਾਰੀਆਂ ਨੂੰ ਫਰਿਆਦ

ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਜ਼ਿਲ੍ਹਾ ਤਰਨਤਾਰਨ ਦੇ ਪਿੰਡ ਲਹੀਆਂ ਦੀ ਪੰਚਾਇਤੀ ਜ਼ਮੀਨ ਦੀ ਬੋਲੀ ਦੇਣ ਵਾਲੇ ਵਿਅਕਤੀ ਨੇ ਸਬੰਧਤ ਵਿਭਾਗ ਦੇ ਅਧਿਕਾਰੀਆਂ ਪਾਸ ਜ਼ਮੀਨ ਦਾ ਕਬਜਾ ਦਿਵਾਉਣ ਦੀ ਗੁਹਾਰ ਲਗਾਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਲਕੀਤ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਪਿੰਡ ਲਹੀਆ ਤਹਿਸੀਲ ਤੇ ਜ਼ਿਲ੍ਹਾ ਤਰਨਤਾਰਨ ਨੇ ਦੱਸਿਆ ਕਿ 24 ਮਈ 2023 ਨੂੰ ਉਸਨੇ ਪੰਚਾਇਤੀ ਜ਼ਮੀਨ ਦੀ ਬੋਲੀ ਦੇ ਕੇ ਠੇਕੇ 'ਤੇ ਲਈ ਹੈ ਜਿਸ ਦਾ ਉਸਨੇ ਮੌਕੇ 'ਤੇ ਹੀ ਮੁਬਲਗ ਤੀਹ ਹਜ਼ਾਰ-ਰੁਪਏ ਜਮ੍ਹਾਂ ਕਰਵਾਏ ਸੀ। ਲੇਕਿਨ ਉਕਤ ਜ਼ਮੀਨ ਜੋ ਉਸਨੇ ਠੇਕੇ ਤੇ ਲਈ ਹੈ ਉਸ ਉਪਰ ਪਹਿਲਾ ਜਿਹੜੇ ਵਿਅਕਤੀਆਂ ਦਾ ਪਿਛਲੇ ਸਮੇਂ ਤੋਂ ਕਾਬਜ਼ ਹਨ।

ਉਕਤ ਵਿਅਕਤੀ ਜ਼ਮੀਨ ਦਾ ਕਬਜ਼ਾ ਨਹੀਂ ਛੱਡਦੇ ਅਤੇ ਉਹ ਉਕਤ ਵਿਅਕਤੀਆਂ ਨਾਲ ਲੜਾਈ ਝਗੜਾ ਨਹੀਂ ਕਰਨਾ ਚਾਹੁੰਦਾ। ਮਲਕੀਤ ਸਿੰਘ ਨੇ ਬਲਾਕ ਪੰਚਾਇਤ ਅਫਸਰ ਗੰਡੀਵਿੰਡ ਅਤੇ ਸਬੰਧਤ ਵਿਭਾਗ ਦੇ ਉੱਚ ਅਧਿਕਾਰੀਆਂ ਪਾਸ ਗੁਹਾਰ ਲਗਾਈ ਹੈ ਕਿ ਉਸਨੂੰ ਉਕਤ ਜ਼ਮੀਨ ਦਾ ਪ੍ਰਸ਼ਾਸਨ ਦੀ ਹਾਜ਼ਰੀ ਵਿਚ ਕਬਜ਼ਾ ਦਿਵਾਇਆ ਜਾਵੇ। ਇਸ ਸਬੰਧੀ ਜਦੋਂ ਵਿਕਾਸ ਪੰਚਾਇਤ ਅਧਿਕਾਰੀ ਬਲਾਕ ਗੰਡੀਵਿੰਡ ਪ੍ਰਗਟ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਇਹ ਮਾਮਲਾ ਮੇਰੇ ਕੋਲ ਅੱਜ ਆਇਆ ਹੈ।

31-May-PAGE-12.qxd 5/30/2023 10:33 PM Page 1

ਦੇਸ਼ 'ਚ ਰੁਜ਼ਗਾਰ ਨੂੰ ਵਧਾਉਣ ਦੇ ਨਾਲ-ਨਾਲ ਗਾਹਕਾਂ ਨੂੰ ਉੱਚ ਗੁਣਵੱਤਾ ਦਿਵਾਉਣਾ ਹੀ ਪਹਿਲਾ ਕੰਮ : ਦੀਪਕ ਅਗਰਵਾਲ

ਚੰਡੀਗੜ੍ਹ : ਆਈ ਸੀ ਆਈ ਮਾਰਕ ਦੇ ਖਿਡਾਉਣੇ ਬੱਚਿਆਂ ਦੀ ਸੁਰੱਖਿਆ ਦੇ ਨਾਲ ਕੁਆਲਿਟੀ ਨੂੰ ਵੀ ਧਿਆਨ 'ਚ ਰੱਖਦੇ ਹੋਏ ਜ਼ਰੂਰੀ ਕੀਤਾ ਗਿਆ ਹੈ। ਇਸ 'ਚ ਮੇਕ ਇਨ ਇੰਡੀਆ ਨੂੰ ਉਤਸ਼ਾਹਤ ਕਰਦੇ ਹੋਏ ਚਾਇਨੀਜ਼ ਖਿਡੌਣਿਆਂ ਦੀ ਬਜਾਏ ਦੇਸ਼ 'ਚ ਬਣੇ ਖਿਡੌਣਿਆਂ ਨੂੰ ਪਹਿਲ ਦਿੱਤੀ ਜਾਣ ਲੱਗੀ ਹੈ। ਇਸ ਕਾਰਨ ਦੇਸ਼ 'ਚ 70 ਤੋਂ 80 ਫੀਸਦੀ ਚਾਇਨੀਜ਼ ਖਿਡੌਣਿਆਂ ਦਾ ਆਯਾਤ ਘੱਟ ਹੋ ਗਿਆ ਹੈ ਅਤੇ ਦੇਸ਼ 'ਚ ਰੁਜ਼ਗਾਰ ਨੂੰ ਵੀ ਬੜਾਵਾ ਮਿਲ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਬਿਊਰੋ ਆਫ ਇੰਡੀਅਨ ਸਟੈਂਡਰਡ ਸਾਇੰਟਿਸਟ-ਐੱਫ/ ਸੀਨੀਅਰ ਡਾਇਰੈਕਟਰ ਅਤੇ ਚੰਡੀਗੜ੍ਹ ਬ੍ਰਾਂਚ ਦਫਤਰ ਦੇ ਮੁਖੀ ਦੀਪਕ ਅਗਰਵਾਲ ਨੇ ਦੱਸਿਆ ਕਿ ਬੀ ਆਈ ਐੱਸ ਲੋਕਾਂ ਨੂੰ ਕੁਆਲਟੀ ਦੀ ਚੀਜ਼ ਉਪਲੱਬਧ ਕਰਾਉਣ ਲਈ ਯਤਨਸ਼ੀਲ ਹੈ।

ਉਨ੍ਹਾ ਕਿਹਾ ਕਿ 3 ਜੂਨ ਨੂੰ ਵਿਸ਼ਵ ਸਾਈਕਲ ਦਿਵਸ ਮਨਾਇਆ ਜਾਂਦਾ ਹੈ, ਤਾਂ ਕਿ ਲੋਕਾਂ ਨੂੰ ਸਾਈਕਲ ਚਲਾਉਣ ਦੇ ਹਜ਼ਾਰਾਂ ਫਾਇਦਿਆਂ ਬਾਰੇ ਦੱਸਿਆ ਜਾ ਸਕੇ। ਇਸ ਲਈ 3 ਜੂਨ ਨੂੰ ਆਲ ਇੰਡੀਆ ਸਾਈਕਲ ਮੈਨੂਫੈਕਚਰਜ਼ ਐਸੋਸੀਏਸ਼ਨ (ਆਈ ਏ ਸੀ ਐੱਮ ਏ) ਵੱਲੋਂ ਦੂਜਾ ਆਈਕਮਾ ਐਵਾਰਡ ਸੈਰੇਮਨੀ ਸਮਾਰੋਹ ਕੀਤਾ ਜਾ ਰਿਹਾ ਹੈ। ਇਸ ਮੌਕੇ ਕੇਂਦਰੀ ਕਾਨੂੰਨ ਅਤੇ ਨਿਆਂ ਰਾਜ ਮੰਤਰੀ ਅਰਜੁਨ ਰਾਮ ਮੇਘਵਾਲ ਮੁੱਖ ਮਹਿਮਾਨ ਵਜੋਂ ਅਤੇ ਕੇਂਦਰੀ ਵਣਜ ਅਤੇ ਉਦਯੋਗ ਰਾਜ ਮੰਤਰੀ ਸੋਮ ਪ੍ਰਕਾਸ਼ ਗੌਸਟ ਆਫ ਆਨਰ ਵਜੋਂ ਸ਼ਿਰਕਤ ਕਰਨਗੇ।

ਸਾਈਕਲਾਂ 'ਤੇ ਰਿਫਲੈਕਟਰ ਜ਼ਰੂਰੀ ਲੱਗੇ ਹੋਣ ਨਾਲ ਹਾਈਵੇ 'ਤੇ ਘਟਣਗੇ ਹਾਦਸੇ : ਦੀਪਕ ਅੱਗਰਵਾਲ ਨੇ ਕਿਹਾ ਕਿ ਬੀ ਆਈ ਐੱਸ ਵੱਲੋਂ ਸੜਕ ਸੁਰੱਖਿਆ ਹਫ਼ਤੇ ਦੇ ਤਹਿਤ ਲੋਕਾਂ ਨੂੰ ਆਈ ਐੱਸ ਆਈ ਹੈਲਮਟ ਦੀ ਜ਼ਰੂਰਤ ਨੂੰ ਲੈ ਕੇ ਜਾਗਰੂਕ ਕੀਤਾ ਜਾ ਰਿਹਾ ਹੈ, ਤਾਂ ਜੋ ਹਾਦਸੇ ਦੌਰਾਨ ਦੋ ਪਹੀਆ ਵਾਹਨ ਚਾਲਕਾਂ ਨੂੰ ਸਿਰ ਦੀ ਸੱਟ (ਜੋ ਖ਼ਤਰਨਾਕ ਸਿੱਧ ਹੋ ਸਕਦੀ ਹੈ) ਤੋਂ ਬਚਾਇਆ ਜਾ ਸਕੇ। ਉਥੇ ਹੀ ਹਾਈਵੇ 'ਤੇ ਸਾਈਕਲ ਚਾਲਕਾਂ ਨਾਲ ਹੋਣ ਵਾਲੇ ਹਾਦਸੇ ਦਾ ਕਾਰਨ ਦੂਰੋਂ ਸਾਈਕਲ ਦਾ ਦਿਖਾਈ ਨਾ ਦੇਣਾ ਦੱਸਿਆ ਹੈ। ਇਸੇ ਲਈ ਹੁਣ ਸਾਈਕਲਾਂ 'ਤੇ ਬੀ ਆਈ ਐੱਸ ਪ੍ਰਮਾਣਿਤ ਰਿਫਲੈਕਟਰ ਲਾਜ਼ਮੀ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਸੜਕ ਸੁਰੱਖਿਆ 'ਚ ਚਾਇਨੀਜ਼ ਟਾਇਰਾਂ ਦੀ ਘਟੀਆ ਕੁਆਲਟੀ ਕਾਰਨ ਵੀ ਸੜਕ ਹਾਦਸਿਆਂ 'ਚ ਵਾਧਾ ਹੋ ਰਿਹਾ ਹੈ। ਅਜਿਹੀ ਸਥਿਤੀ 'ਚ ਕੁਆਲਟੀ ਕੰਟਰੋਲ ਜ਼ਰੀਏ ਆਈ ਸੀ ਆਈ ਮਾਰਕਾ ਟਾਇਰ ਜ਼ਰੂਰੀ ਕਰ ਦਿੱਤੇ ਗਏ ਹਨ, ਜਿਸ ਕਾਰਨ ਹੁਣ ਬਾਜ਼ਾਰ 'ਚ ਘਟੀਆ ਕੁਆਲਟੀ ਦੇ ਇੰਪੋਰਟ ਟਾਇਰਾਂ ਦੀ ਆਮਦ ਘੱਟ ਹੋ ਗਈ ਹੈ।

ਬੀ ਆਈ ਐੱਸ ਕੇਅਰ ਐਪ 'ਤੇ ਸ਼ਿਕਾਇਤ ਦਰਜ ਕਰੋ, ਮਿਲੇਗਾ ਮੁਆਵਜ਼ਾ : ਬੀ ਆਈ ਐੱਸ ਮਤਲਬ ਭਾਰਤੀ ਮਾਨਕ ਬਿਊਰੋ ਨੇ 'ਬੀ ਆਈ ਐੱਸ ਕੇਅਰ ਐਪ' ਨਾਂਅ ਦਾ ਇੱਕ ਮੋਬਾਇਲ ਐਪ ਬਣਾਇਆ ਹੈ, ਜੋ ਹਾਲਮਾਰਕ ਵਾਲੇ ਗਹਿਣਿਆਂ ਦੀ ਵੀ ਜਾਂਚ ਕਰ ਸਕਦਾ ਹੈ। ਇਸ ਲਈ ਸਭ ਤੋਂ ਪਹਿਲਾਂ ਯੂਜ਼ਰਜ਼ ਨੂੰ ਗੂਗਲ ਪਲੇਅ ਸਟੋਰ ਤੋਂ ਇਸ ਐਪ ਨੂੰ ਡਾਊਨਲੋਡ ਕਰਨਾ ਹੋਵੇਗਾ। ਇਸ ਤੋਂ ਬਾਅਦ ਐਪ ਦੇ 'ਵੈਰੀਫਾਈ' ਸੈਕਸ਼ਨ 'ਤੇ ਜਾ ਕੇ ਇਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਇਸ ਐਪ ਦੀ ਮਦਦ ਨਾਲ ਤੁਸੀਂ ਗਹਿਣਿਆਂ ਦੀ ਹਾਲਮਾਰਕਿੰਗ ਅਤੇ ਆਈ ਐੱਸ ਆਈ ਮਾਰਕ ਨੂੰ ਵੀ ਚੈੱਕ ਕਰ ਸਕਦੇ ਹੋ। ਇਸ ਤੋਂ ਇਲਾਵਾ ਜੇਕਰ ਤੁਹਾਨੂੰ ਸੋਨੇ ਦੀ ਸ਼ੁੱਧਤਾ ਨੂੰ ਲੈ ਕੇ ਕੋਈ ਸ਼ੱਕ ਹੈ ਤਾਂ ਤੁਸੀਂ ਇਸ ਐਪ 'ਤੇ ਇਸ ਦੀ ਸ਼ਿਕਾਇਤ ਵੀ ਇਸ ਐਪ 'ਤੇ ਕਰ ਸਕਦੇ ਹੋ। ਜੇਕਰ ਤੁਸੀਂ ਗਹਿਣਿਆਂ ਬਾਰੇ ਜਾਣਕਾਰੀ ਤੋਂ ਸੰਤੁਸ਼ਟ ਨਹੀਂ ਹੋ, ਤਾਂ ਐਪ 'ਚ ਦਿਖਾਈ ਦੇ ਰਹੇ ਰਹੇ ਲਾਲ ਰੰਗ ਦੇ ਬਟਨ ਨੂੰ ਦਬਾ ਕੇ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੇ ਹੋ। ਇਸ ਮੁਤਾਬਕ ਜਿੰਨਾ ਤੁਹਾਡਾ ਨੁਕਸਾਨ ਹੋਇਆ ਹੋਵੇਗਾ, ਉਸ ਦੀ ਦੁੱਗਣੀ ਰਕਮ ਤੁਹਾਨੂੰ ਮੁਆਵਜ਼ੇ ਦੇ ਤੌਰ 'ਤੇ ਮਿਲੇਗੀ। ਸਰਕਾਰ ਦੇ ਹੁਕਮਾਂ ਅਨੁਸਾਰ ਹੁਣ ਦੇਸ਼ ਦੇ 288 ਜ਼ਿਲ੍ਹਿਆਂ 'ਚ ਐੱਚ ਯੂ ਆਈ ਡੀ ਹਾਲਮਾਰਕ ਵਾਲੇ ਗਹਿਣੇ ਹੀ ਵੇਚੇ ਜਾਣਗੇ, ਜੇਕਰ ਕਿਸੇ ਦੁਕਾਨਦਾਰ ਕੋਲ 1 ਜੁਲਾਈ 2021 ਤੋਂ ਪਹਿਲਾਂ ਵਾਲੇ ਪੁਰਾਣੇ ਹਾਲਮਾਰਕ ਵਾਲੇ ਸੋਨੇ ਦੇ ਗਹਿਣੇ ਹਨ, ਤਾਂ ਉਹ 30 ਜੂਨ ਤੱਕ ਆਪਣੇ ਸੋਨੇ ਦੇ ਗਹਿਣੇ ਵੇਚ ਸਕਦੇ ਹਨ। ਸੋਨੇ 'ਚ 6 ਅੰਕਾਂ ਦਾ ਹਾਲਮਾਰਕ ਕੋਡ ਹੋਵੇਗਾ। ਇਸ ਨੂੰ ਹਾਲਮਾਰਕ ਯੂਨੀਕ ਆਈਡੈਂਟੀਫਿਕੇਸ਼ਨ ਨੰਬਰ ਕਿਹਾ ਜਾਂਦਾ ਹੈ। ਦੂਜੇ ਪਾਸੇ ਜੇਕਰ ਤੁਸੀਂ ਕਿਸੇ ਉਤਪਾਦ ਦੀ ਗੁਣਵੱਤਾ ਤੋਂ ਸੰਤੁਸਟ ਨਹੀਂ ਹੋ, ਤਾਂ ਤੁਸੀਂ ਕੇਅਰ ਐਪ ਰਾਹੀਂ ਵੀ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੇ ਹੋ।

ਕੇਂਦਰ ਸਰਕਾਰ ਦਾ ਪੁਤਲਾ ਫੂਕਿਆ

ਫਿਲੌਰ, (ਨਿਰਮਲ)- ਬੇਗਮਪੁਰ ਦੇ ਅੱਡੇ 'ਤੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਵਲੋਂ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਸੂਬਾ ਕਮੇਟੀ ਮੈਂਬਰ ਸੰਤੋਖ ਸਿੰਘ ਬਿਲਗਾ ਅਤੇ ਜ਼ਿਲ੍ਹਾ ਕਮੇਟੀ ਮੈਂਬਰ ਗੁਰਦੀਪ ਬੇਗਮਪੁਰ ਨੇ ਕਿਹਾ ਕਿ ਹਾਕਮ ਧਿਰ ਨੇ ਭਲਵਾਨਾਂ ਨੂੰ ਇਨਸਾਫ਼ ਦੇਣ ਦੀ ਥਾਂ ਤਾਕਤ ਦੀ ਵਰਤੋਂ ਕਰਕੇ ਧਰਨੇ ਵਾਲੇ ਥਾਂ ਤੋਂ ਉਨ੍ਹਾਂ ਨੂੰ ਸਿਰਫ਼ ਖਦੇੜਿਆ ਹੀ ਨਹੀਂ ਸਗੋਂ ਸਮੁੱਚੇ ਖੇਡ ਪ੍ਰੇਮੀਆਂ ਨੂੰ ਵੀ ਸੱਟ ਮਾਰੀ ਹੈ। ਇਕੱਤਰ ਹੋਏ ਕਾਰਕੁਨਾਂ ਅਤੇ ਖੇਡ ਪ੍ਰੇਮੀਆਂ ਨੇ ਇਸ ਮੌਕੇ ਗੁੱਸੇ ਦਾ ਇਜ਼ਹਾਰ ਕਰਨ ਲਈ ਜ਼ੋਰਦਾਰ ਨਾਅਰੇਬਾਜ਼ੀ ਵੀ ਕੀਤੀ।

ਕੋਟ ਫੁਤਹੀ ਵਿਖੇ ਗੁਰੂ ਨਾਨਕ ਡਰਾਈਵਰ ਟੈਕਸੀ ਯੂਨੀਅਨ ਵੱਲੋਂ ਖੂਨਦਾਨ ਕੈਂਪ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਗੁਰੂ ਨਾਨਕ ਡਰਾਈਵਰ ਟੈਕਸੀ ਯੂਨੀਅਨ ਦੇ ਪ੍ਰਧਾਨ ਹਰਜਿੰਦਰ ਸਿੰਘ ਮਾਹਲ ਦੀ ਅਗਵਾਈ ਹੇਠ ਅੱਡਾ ਕੋਟ ਫਤੂਹੀ ਵਿਖੇ ਖੂਨਦਾਨ ਕੈਂਪ ਲਗਾਇਆ ਗਿਆ। ਡਾਕਟਰ ਪਰਮਿੰਦਰ ਸੂਦ ਐੱਸ ਜੀ ਆਰ ਹਸਪਤਾਲ ਨੇ ਹਾਜਰੀ ਭਰੀ। ਕੈਂਪ ਦਾ ਸੰਤ ਬਾਬਾ ਅਮਰੀਕ ਸਿੰਘ ਡੇਰਾ ਮੰਹਣਹਾਣਾ ਨੇ ਰੀਬਨ ਕੱਟ ਕੇ ਉਦਘਾਟਨ ਕੀਤਾ। ਸਵੈਇੱਛਾ ਨਾਲ ਵੀਰਾਂ ਅਤੇ ਭੈਣਾਂ 43 ਯੂਨਿਟ ਖੂਨਦਾਨ ਕੀਤਾ। ਖੂਨਦਾਨ ਕਰਨ ਵਾਲਿਆਂ ਨੂੰ ਮੈਡਲ ਅਤੇ ਸਹਿਯੋਗੀਆ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਲੱਡ ਮੋਟੀਵੇਟਰ ਪ੍ਰਦੀਪ ਬੰਗਾ ਕੋਟ ਫੂਤੂਹੀ ਬਲੱਡ ਮੋਟੀਵੇਟਰ ਗੁਰਦੀਪ ਸਿੰਘ ਵਿਰਦੀ ਕੋਟ ਫਤੂਹੀ, ਤਜਿੰਦਰ ਸਿੰਘ ਨੰਗਲ ਕਲਾਂ, ਡਾਕਟਰ ਪ੍ਰਦੀਪ ਕੁਮਾਰ ਹੀਰਾ ਕੋਟ ਫੂਤਹੀ, ਅਸ਼ੋਕ ਕੁਮਾਰ, ਸੋਨੂ ਪੰਜੌੜਾ, ਹੈਪੀ ਅਰੋੜਾ, ਸੰਜੀਵ ਕੁਮਾਰ ਮਾਹਿਲਪੁਰ, ਬਿੰਦਰ, ਧਰਮਿੰਦਰ, ਗੁਰਮੇਲ ਕੋਟਲਾ, ਦੀਪਾ ਮੰਨਣਹਾਣਾ, ਬਲਜੀਤ ਸਿੰਘ ਮੰਨਣਹਾਣਾ, ਅਵਤਾਰ ਸਿੰਘ ਗਿੱਲ, ਬਿੰਦਾ ਢਾਡਾ, ਗੁਰਮੇਲ ਸਿੰਘ ਠੂਆਣਾ, ਬੀਰਾ, ਮੋਨੂ ਖੜੋਂਦੀ, ਮਨਦੀਪ ਸਿੰਘ ਪਾਲਦੀ, ਲੰਬੜਦਾਰ ਲਾਡੀ ਪੰਡੋਰੀ ਲੱਧਾ ਸਿੰਘ, ਮਨੀਸ਼ਾ ਵਿਰਦੀ ਕੋਟ ਫਤੂਹੀ, ਸੋਨੂ ਵਿਰਦੀ ਆਦਿ ਹਾਜਰ ਸਨ।

ਐਲ ਪੀ ਯੂ ਦੇ ਵਿਦਿਆਰਥੀਆਂ ਨੇ ਫੈਸ਼ਨ ਵੀਕ 'ਚ ਕੀਤਾ ਪ੍ਰਦਰਸ਼ਨ

ਜਲੰਧਰ (ਸ਼ੈਲੀ ਐਲਬਰਟ)- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਫੈਸ਼ਨ ਡਿਜ਼ਾਈਨ ਦੇ ਵਿਦਿਆਰਥੀਆਂ ਨੇ ਭਾਰਤ ਅਤੇ ਵਿਦੇਸ਼ਾਂ ਦੇ ਚੋਟੀ ਦੇ ਡਿਜ਼ਾਈਨਰਾਂ ਦੇ ਨਾਲ-ਨਾਲ ਵੱਕਾਰੀ ਦਿੱਲੀ ਫੈਸ਼ਨ ਵੀਕ -2023 ਵਿੱਚ ਆਪਣੇ ਡਿਜ਼ਾਈਨਰ ਕੱਪੜਿਆਂ ਦਾ ਪ੍ਰਦਰਸ਼ਨ ਕੀਤਾ। ਦਿ ਗ੍ਰੈਂਡ, ਨਵੀਂ ਦਿੱਲੀ ਵਿਖੇ ਆਯੋਜਿਤ ਇਸ ਤਿੰਨ-ਦਿਨਾ ਸਮਾਗਮ ਵਿੱਚ ਨਵੀਨਤਮ ਰੁਝਾਨ ਸੈੱਟਿੰਗ ਡਿਜ਼ਾਈਨ ਪੇਸ਼ ਕੀਤੇ ਗਏ ਅਤੇ ਐਲਪੀਯੂ ਦੇ ਵਿਦਿਆਰਥੀਆਂ ਨੇ ਆਪਣੇ ਮਨਮੋਹਕ ਸੰਗ੍ਰਹਿ ਨਾਲ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ । ਸ਼ੋਅ ਵਿੱਚ ਪਰਿਣੀਤੀ ਚੋਪੜਾ ਅਤੇ ਆਦਿਤਿਆ ਸੀਲ ਸਮੇਤ ਮਸ਼ਹੂਰ ਬਾਲੀਵੁੱਡ ਅਦਾਕਾਰਾਂ ਨੇ ਇਵੈਂਟ ਦੇ ਬਾਅਦ ਦੇ ਪੜਾਅ ਦੌਰਾਨ ਰੈਂਪ ਵਾਕ ਕੀਤਾ । ਇਸ ਸਾਲ ਬਾਅਦ ਵਿੱਚ, ਉਹ ਸਤੰਬਰ 2023 ਵਿੱਚ ਇੱਕ ਪੂਰੇ ਸ਼ੋਅ ਲਈ ਚੰਡੀਗੜ੍ਹ ਟਾਈਮਜ਼ ਫੈਸ਼ਨ ਵੀਕ ਵਿੱਚ ਹਿੱਸਾ ਲੈਣਗੇ, ਜੋ ਕਿ ਉਭਰਦੇ ਫੈਸ਼ਨ ਡਿਜ਼ਾਈਨਰਾਂ ਲਈ ਇੱਕ ਮਹੱਤਵਪੂਰਨ ਮੀਲ ਪੱਥਰ ਹੈ । ਯੂਨੀਵਰਸਿਟੀ ਇਟਲੀ, ਫਰਾਂਸ, ਗ੍ਰੀਸ, ਸਪੇਨ, ਅਤੇ ਹੋਰ ਫੈਸ਼ਨ-ਪ੍ਰਭਾਵਸ਼ਾਲੀ ਦੇਸ਼ਾਂ ਵਿੱਚ ਮਸ਼ਹੂਰ ਫੈਸ਼ਨ ਹਾਊਸਾਂ ਅਤੇ ਸੰਸਥਾਵਾਂ ਨਾਲ ਨੇੜਿਓਂ ਕੰਮ ਕਰਦੀ ਹੈ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੱਜੀ ਪਿੰਡ ਦੇ ਹੋਣਹਾਰ ਵਿਦਿਆਰਥੀ ਸਨਮਾਨਤ

ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੱਜੀ ਪਿੰਡ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ 8ਵੀਂ, 10ਵੀਂ ਅਤੇ 12ਵੀਂ, ਸ਼੍ਰੇਣੀ ਦੇ ਸਾਲਾਨਾ ਨਤੀਜਿਆਂ ਵਿਚ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਸਕੂਲ ਦਾ ਤਿੰਨੇ ਕਲਾਸਾਂ ਦਾ ਸਾਲਾਨਾ ਰਿਜ਼ਲਟ 100 ਪ੍ਰਤੀਸ਼ਤ ਰਿਹਾ । 12ਵੀਂ ਕਲਾਸ ਵਿਚ ਪਹਿਲੀ ਡਿੰਪਲ (482/500), ਦੂਜੀ ਪ੍ਰਭਜੋਤ ਸਿੰਘ (464/500) ਅਤੇ ਤੀਜੀ ਪੁਜੀਸ਼ਨ ਹਰਮਨਦੀਪ ਕੌਰ (462/500) ਹਾਸਲ ਕੀਤੀ । 10ਵੀਂ ਕਲਾਸ ਵਿੱਚ ਜੈਸਮੀਨ ਪਹਿਲੀ (599/650), ਦੂਜੀ ਜੌਨਸੀ (589/650) ਅਤੇ ਤੀਜੀ ਪੁਜੀਸ਼ਨ ਇਕਬਾਲ ਸਿੰਘ(530/650) ਹਾਸਲ ਕੀਤੀ । ਇਸੇ ਤਰ੍ਹਾਂ 8ਵੀਂ ਕਲਾਸ ਵਿੱਚੋਂ ਪਹਿਲੀ ਮਨਪ੍ਰੀਤ ਕੌਰ (549/600), ਦੂਜੀ ਪ੍ਰਿਅੰਕਾ (538/600) ਅਤੇ ਹਰਮਨ ਕੌਰ (534/600) ਤੀਜੀ ਪੁਜੀਸ਼ਨ ਹਾਸਲ ਕੀਤੀ । ਇਸ ਮੌਕੇ ਸਕੂਲ ਸਟਾਫ ਵੱਲੋਂ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।

ਤੇਹਿੰਗ ਦੇ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦਾ ਨਤੀਜਾ ਸੌ ਫੀਸਦੀ

ਫਿਲੌਰ (ਨਿਰਮਲ)-ਫਿਲੌਰ ਦੇ ਪਿੰਡ ਤੇਹਿੰਗ ਦੇ ਸਰਕਾਰੀ ਸਕੂਲ ਦਾ 10ਵੀਂ ਅਤੇ 12ਵੀਂ ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ। ਅਮਨ ਕੌਰ ਨੇ ਪਹਿਲਾ, ਗਗਨਦੀਪ ਨੇ ਦੂਜਾ, ਜਸਪ੍ਰੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਈਸ਼ਾ ਨੇ ਬਾਰ੍ਹਵੀਂ ਜਮਾਤ 'ਚੋਂ ਵੋਕੇਸ਼ਨਲ 'ਚੋਂ ਪਹਿਲਾ, ਜਤਿਨ ਰਵੀ ਕੁਮਾਰ ਨੇ ਦੂਜਾ ਅਤੇ ਹਰਮਿੰਦਰ ਜੀਤ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਦਸਵੀਂ ਵਿਚੋਂ ਨੇਹਾ ਨੇ ਪਹਿਲਾ, ਪਿੰਕਾ ਨੇ ਦੂਜਾ ਅਤੇ ਸੰਧਿਆ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਐਸ ਐਚ ਓ ਉਂਕਾਰ ਸਿੰਘ ਬਰਾੜ ਨੇ ਥਾਣਾ ਟਾਂਡਾ ਦਾ ਚਾਰਜ ਸੰਭਾਲਿਆ

ਟਾਂਡਾ ਉੜਮੁੜ, (ਜਸਵਿੰਦਰ ਸੰਧੂ ,ਉਂਕਾਰ ਸਿੰਘ)- ਸ਼ਹਿਰ ਵਿਚ ਨਸ਼ਾ ਸਮਗਲਰ , ਕ੍ਰਾਈਮ ਅਤੇ ਮਾੜੇ ਅਨਸਰਾਂ ਨੂੰ ਕਿਸੇ ਵੀ ਹਾਲਤ ਵਿਚ ਨਹੀਂ ਬਖਸ਼ਿਆ ਜਾਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਇੰਸਪੈਕਟਰ ਉਂਕਾਰ ਸਿੰਘ ਬਰਾੜ ਨੇ ਥਾਣਾ ਟਾਂਡਾ ਵਿਖੇ ਐਸ.ਐਚ.ਓ ਵਜੋਂ ਚਾਰਜ ਸੰਭਾਲਣ ਸਮੇਂ ਕੀਤਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੁਲਸ ਮੁਖੀ ਸਰਤਾਜ ਸਿੰਘ ਚਾਹਲ ਅਤੇ ਡੀ.ਐਸ.ਪੀ ਟਾਂਡਾ ਕੁਲਵੰਤ ਸਿੰਘ ਦੀ ਅਗਵਾਈ ਹੇਠ ਕ੍ਰਾਈਮ ਅਤੇ ਨਸ਼ਿਆਂ ਦੇ ਖਾਤਮੇ ਲਈ ਪੰਜਾਬ ਪੁਲਸ ਵੱਲੋਂ ਲੋਕਾਂ ਦੇ ਸਹਿਯੋਗ ਨਾਲ ਇੱਕ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ ਤਾਂ ਜੋ ਨਿੱਤ ਦਿਨ ਹੋ ਰਹੀਆਂ ਆਪਰਾਧਿਕ ਘਟਨਾਵਾਂ ਅਤੇ ਅਪਰਾਧੀ ਅਨਸਰਾਂ ਨੂੰ ਨੱਥ ਪਾਈ ਜਾ ਸਕੇ।

ਗੁਰਦੁਆਰਾ ਟਾਹਲੀ ਸਾਹਿਬ ਸੰਗੋਜਲਾ ਦੀ ਗੋਲਕ ਚੋਰੀ

ਕਪੂਰਥਲਾ (ਪ੍ਰੀਤ ਸੰਗੋਜਲਾ)- ਥਾਣਾ ਢਿਲਵਾਂ ਵਿਖੇ ਪੈਂਦੇ ਪਿੰਡ ਸੰਗੋਜਲਾ ਵਿਖੇ ਬੀਤੀ ਰਾਤ ਅਣਪਛਾਤੇ ਵਿਅਕਤੀਆਂ ਵੱਲੋਂ ਇਤਿਹਾਸਿਕ ਗੁਰਦੁਆਰਾ ਟਾਹਲੀ ਸਾਹਿਬ ਪਾਤਸ਼ਾਹੀ ਛੇਵੀਂ ਵਿਖੇ ਚੋਰੀ ਕੀਤੀ ਗਈ। ਪ੍ਰਬੰਧਕ ਕਮੇਟੀ ਨੇ ਦੱਸਿਆ ਕੇ ਬੀਤੀ ਰਾਤ ਅਣਪਛਾਤੇ ਵਿਅਕਤੀਆਂ ਵੱਲੋਂ ਗੁਰੂਦੁਆਰਾ ਸਾਹਿਬ ਦੇ ਜਿੰਦਰੇ ਤੋੜ ਕੇ ਅੰਦਰ ਪਈ ਗੋਲਕ ਚੋਰੀ ਕਰ ਲਈ ਜਿਸ ਵਿਚ ਕਰੀਬ 35 ਤੋਂ 40 ਹਜਾਰ ਦੀ ਨਗਦੀ ਸੀ। ਸਵੇਰੇ ਜਦੋਂ ਗੁਰੂ ਘਰ ਮੱਥਾ ਟੇਕਣ ਆਏ ਪਰਵਾਰ ਨੇ ਗੋਲਕ ਚੋਰੀ ਹੋਈ ਦੇਖੀ ਤਾਂ ਇਸ ਦੀ ਸੂਚਨਾ ਤੁਰੰਤ ਹੈੱਡ ਗ੍ਰੰਥੀ ਨੂੰ ਦਿੱਤੀ। ਇਸ ਸਬੰਧੀ ਥਾਣਾ ਢਿਲਵਾਂ ਵਿਖੇ ਸੂਚਨਾ ਦੇਣ 'ਤੇ ਏ ਐਸ ਆਈ ਮੂਰਤਾ ਸਿੰਘ ਨੇ ਮੌਕੇ 'ਤੇ ਪਹੁੰਚ ਕੇ ਸੀ ਸੀ ਟੀਵੀ ਕੈਮਰੇ ਦੀ ਫੁਟੇਜ ਵੀ ਦੇਖੀ ਅਤੇ ਕਿਹਾ ਕਿ ਜਲਦ ਹੀ ਦੋਸ਼ੀਆਂ ਨੂੰ ਫੜ ਲਿਆ ਜਾਵੇਗਾ।

ਸਕੂਲ ਨੂਰਪੁਰ ਬੇਦੀ 'ਚ ਐੱਸ ਸੀ ਸੀ ਕੈਡਿਟਾਂ ਦੀ ਭਰਤੀ

**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋ